# ਅੰਮ੍ਰਿਤ ਕੀਰਤਨ

ਅੰਕ 4 ਸਾਲ ਪੰਜਵਾਂ ਅਪ੍ਰੈਲ 1993

ਗੁਰੂ ਨਾਨਕ ਦੇਵ ਜੀ ਦਾ ਰਬਾਬ-ਸਾਥੀ ਭਾਈ ਮਰਦਾਨਾ ਜੀ, ਜਿਨ੍ਹਾਂ ਨੂੰ ਸਿੱਖ ਧਰਮ ਵਿੱਚ 'ਸੁਰ-ਰਾਗ' ਦਾ ਪਹਿਲਾ ਗਾਇਕ ਸਵੀਕਾਰ ਕੀਤਾ ਜਾਂਦਾ ਹੈ। ਸਿੱਖ ਜਗਤ ਵਿੱਚ ਭਾਈ ਮਰਦਾਨਾ ਜੀ ਪ੍ਰਤੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਖੇ ਬਚਨ ਬੜੇ ਪ੍ਰਸਿੱਧ ਹਨ:

*''ਛੇੜ ਮਰਦਾਨਿਆਂ ਰਬਾਬ: ਕਾਈ ਸਿਫਤ ਖੁਦਾ ਦੇ ਦੀਦਾਰ ਦੀ ਕਰੀਏ।''*



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15 ਏ ਚੰਡੀਗੜ੍ਹ ਫੋਨ : 2466(

# ਅੰਮ੍ਰਿਤ ਕੀਰਤਨ

ਅੰਕ 4 ਸਾਲ ਪੰਜਵਾਂ ਅਪ੍ਰੈਲ 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ** :
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ** :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

**ਵਿਸ਼ਾ** **ਪੰਨਾ**

1. ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ — ਸੁਖਦੇਵ ਸਿੰਘ ਨਡਾਲੋਂ 1
2. ਗੁਰਮਤਿ ਵਿੱਚ ਕੀਰਤਨ ਦਾ ਮਹੱਤਵ — ਸੁਰਜੀਤ ਸਿੰਘ ਭਾਟੀਆ 8
3. ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ — ਡਾ. ਜਾਗੀਰ ਸਿੰਘ 15
4. ਆਸਾ ਦੀ ਵਾਰ ਦੀ ਵਿਆਖਿਆ —ਪ੍ਰੇਮ ਸਿੰਘ 23
5. ਗੁਰਮਤਿ ਸੰਗੀਤ ਪ੍ਰੇਮੀਆਂ ਨੂੰ ਬੇਨੂਤੀ 25
6. ਕੈਸਟ ਵਿਚਾਰ — ਕੁਲਵਿੰਦਰ ਸਿੰਘ 27
7. ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਸੰਗੀਤ ਸੰਬੰਧੀ ਪੁਸਤਕਾਂ 29
8. ਰਾਗ ਕੇਦਾਰਾ(ਸੰਗੀਤ ਸੁਰ ਲਿਪੀ) —ਪ੍ਰੋ ਤਾਰਾ ਸਿੰਘ 30

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ

ਸੁਖਦੇਵ ਸਿੰਘ ਨਡਾਲੋਂ

*ਮਾਰਚ 1993 ਦੇ ਅੰਕ ਤੋਂ ਅੱਗੇ*

**ਕੀਰਤਨ ਤੇ ਪ੍ਰੇਮ –**

ਪੂਰਨ ਮਨੁੱਖ ਬਣਨ ਲਈ ਸਭ ਤੋ ਪਹਿਲੀ ਪਉੜੀ ਹੈ ਪ੍ਰੇਮ ਪ੍ਰੇਮ ਕੀ ਹੈ ਜਿਸ ਵਿੱਚ ਸੁਆਰਥ ਨਾ ਹੋਵੇ। ਪ੍ਰੇਮ ਬੱਸ ਪ੍ਰੇਮ ਹੀ ਹੋਵੇ। ਪ੍ਰੇਮ ਮਨੁੱਖੀ ਸਖਸ਼ੀਅਤ ਦੀ ਨੀਂਹ ਹੈ। ਇਸ ਲਈ ਨੀਂਹ ਨੂੰ ਮਜਬੂਤ ਬਣਾਉਣਾ ਪਵੇਗਾ। ਪਿਆਰ ਸਹਿਤ ਕੀਤਾ ਗਿਆ ਕੀਰਤਨ ਸਾਰਥਕ ਹੈ ਕਿਉਂਕਿ ਸਿੱਖੀ ਦਾ ਮੂਲ ਸਿਧਾਂਤ ਹੀ ਇਹ ਹੈ ਕਿ "ਜਿਨ ਪ੍ਰੇਮ ਕੀਓ ਤਿਨ ਹੀ ਪਭਲੂ ਪਾਇਓ" ਪ੍ਰੇਮ ਦਾ ਗਾਉਣ ਨਾਲ ਗੂੜਾ ਸੰਬੰਧ ਹੈ। ਜਦੋਂ ਕੀਰਤਨੀਆਂ ਪਭੂ ਉਸਤਤ ਕਰਦਾ ਹੈ ਤਾ ਉਸਦੇ ਪ੍ਰੇਮ ਦੀ ਵਰਖਾ ਹੀ ਪ੍ਰਭੂ ਪ੍ਰੀਤਮ ਨਾਲ ਸੰਗਤ ਨੂੰ ਜੋੜਦੀ ਹੈ। ਇਸੇ ਕਰਕੇ ਤਾਂ ਗੁਰੂ ਸਾਹਿਬਾਨਾਂ ਨੇ ਰਾਗ ਤੇ ਬਾਣੀ ਦਾ ਮੇਲ ਕੀਤਾ। ਰਾਗ ਜਿਥੇ ਮਨ ਵਿੱਚ ਰੰਜਕਤਾ ਪੈਦਾ ਕਰਦਾ ਹੈ। ਉਥੇ ਦੂਸਰਾ ਰੂਪ ਉਸਦਾ ਪ੍ਰੇਮ ਵੀ ਹੈ। "ਬਾਣੀ ਰਸ ਅਰਥ ਰਸ ਹੈ, ਭਾਵ ਰਸ ਹੈ ਦਰਸ਼ਨ ਰਸ ਹੈ। ਰਾਗ ਹੀ ਇਨਾਂ ਰਸਾਂ ਨੂੰ ਖੋਲਦਾ ਹੈ ਮੈਂ ਪ੍ਰਦੇਸਣ ਦੂਰ ਤੋਂ ਆਈ ਹਾਂ ਦੂਰ ਨੂੰ ਪ੍ਰਗਟ ਕਰਨ ਲਈ ਤਾਰ ਸਪਤਕ ਦੀਆਂ ਸੁਰਾਂ ਲਾਉਣੀਆਂ ਜ਼ਰੂਰੀ ਹਨ। ਆਉਣ ਲਈ ਉਪਰ ਤੋਂ ਹੇਠਾਂ ਆਉਣਾਂ ਜਰੂਰੀ ਹੈ। ਦੂਰ ਗਏ ਲਈ ਸੁਰਾਂ ਨੂੰ ਵੀ ਹੇਠਾਂ ਤੋਂ ਉਪਰ ਜਾਣਾ ਪਵੇਗਾ। ਦੂਰ ਤੋਂ ਆਈ ਅਤੇ ਦੂਰ ਗਈ ਦੀ ਯਾਤਰਾ ਰਾਗ ਤੋਂ ਬਿਨਾ ਪੂਰੀ ਨਹੀਂ ਹੁੰਦੀ। ਮਨ ਦਾ. ਸਫਰ ਰਾਗ ਹੀ ਔਖਾ ਹੋ ਜਾਂਦਾ ਹੈ। ਯਾਦ ਰੱਖਣਾ ਕੀਰਤਨ ਮਨ ਅਤੇ ਬੁਧੀ ਦੀ ਮੈਲ ਉਤਾਰਦਾ ਹੈ। ਮਨ ਅਤੇ ਬੁਧੀ ਦੇ ਰੋਗ ਦੂਰ ਕਰਦਾ ਹੈ। ਮਨ ਅਤੇ ਬੁਧੀ ਦੇ ਦੋਵੇ ਸ਼ੀਸੇ ਟੂਟ ਟੂਟ ਕੇ ਅਨੇਕਾਂ ਕੰਕਰਾਂ ਦੇ ਰੂਪ ਵਿੱਚ ਖਿੰਡੇ ਪਏ ਹਨ। ਕੰਕਰਾਂ ਦੀ ਏਕਤਾ ਨੂੰ ਵੀ ਖੰਡ ਖੰਡ ਕੀਤਾ ਹੋਇਆ ਹੈ। ਇਕ ਦਰਸ਼ਨ ਲਈ ਖੰਡ ਖੰਡ ਹੋਏ ਮਨ ਅਤੇ ਬੁਧੀ ਦਾ

ਜੁੜਨਾ ਅਤੇ ਨਿਰਮਲ ਹੋਣਾ ਜਰੂਰੀ ਹੈ। ਕੀਰਤਨ ਹੀ ਟੁਟੀ ਗੰਢਦਾ ਹੈ। ਕੀਰਤਨ ਹੀ ਬੰਦੀ ਛੋੜ ਹੈ।'' ਪ੍ਰੇਮ ਦੇ ਨਾਲ ਹੀ ਜੁੜਦਾ ਸ਼ਬਦ ਮਨ ਦੀ ਨਿਰਮਲਤਾ ਹੈ। ਮਨ ਦੀ ਅਸ਼ੁੱਧੀ ਹੀ ਗਾਉਣ ਨੂੰ ਜਹਿਰ ਬਣਾ ਸਕਦੀ ਹੈ। ਇਸ ਲਈ ਜਮੀਰ ਦੀ ਪਵਿਤਰਤਾ ਗਵਈਏ ਲਈ ਬੜੀ ਜਰੂਰੀ ਹੈ। ਇਕਬਾਲ ਦਾ ਵਿਸ਼ੇਸ ਕਥਨ ਹੈ –

ਨੌਂਵ ਕੋ ਕਰਤਾ ਹੈ ਮੌਜੇ ਨਫ਼ਸ ਸੇ ਜ਼ਾਹਿਰ ਆਲਦ।।
ਵੋਹ ਨੈਨਵਰਜ ਕਿ ਜਿਸਕੀ ਜ਼ਮੀਰੇ ਪਾਕ ਨਹੀਂ।।

ਗੁਰਬਾਣੀ ਸੰਗੀਤ ਸਮਾਧੀ ਸੰਗੀਤ ਹੈ। ਮਸਤੀ ਸੰਗੀਤ ਹੈ। ਸੰਯੋਗ ਸੰਗੀਤ ਹੈ, ਵਿਯੋਗ ਸੰਗੀਤ ਹੈ। ਇਸ ਸਰੀਰ ਮਨ ਤੇ ਬੁਧੀ ਨੂੰ ਕੀਲ ਕੇ ਬਿਠਾ ਦੇਂਦਾ ਹੈ। ਤਿੰਨਾਂ ਨੂੰ ਸ਼ਕਤੀ ਵੀ ਦਿੰਦਾ ਹੈ। ਅਤੇ ਤਿੰਨਾਂ ਨੂੰ ਚੰਚਲਤਾਂ ਵੱਲ ਜਾਣ ਤੋਂ ਰੋਕਦਾ ਵੀ ਹੈ।[17]

ਇਸ ਤਰਾਂ ਪ੍ਰੇਮ ਕੀਰਤਨ ਦਾ ਬੁਨਿਆਦੀ ਤੱਤ ਹੈ। ਪ੍ਰੇਮ (ਜਿਸ ਵਿੱਚ ਕੋਈ ਸੁਆਰਥ ਨਹੀਂ) ਨਾਲ ਗਾਉਣਾ ਗੁਣਕਾਰੀ ਹੈ, ਸਾਰਥਕ ਹੈ –

ਜਿਸਨੋ ਪਰਤੀਤਿ ਹੋਵੈ।
ਤਿਸ ਕਾ ਗਾਵਿਆ ਥਾਇ ਪਵੈ।
ਸੋ ਪਾਵੈ ਦਰਗਹ ਮਾਨੁ।। (ਸੂਹੀ-ਪੰਨਾ 734)

ਜਿਸ ਦਾ ਅੰਦਰਲਾ ਪ੍ਰੇਮ ਨਾਲ ਰੰਗਿਆ ਗਿਆ। ਉਸਦਾ ਗਾਉਣਾ ਹੀ ਪ੍ਰਭਾਵਸ਼ਾਲੀ ਬਣ ਸਕਦਾ ਹੈ।

ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ। (ਮਾਝ–114)

ਗੁਰੂ ਹਰਿ ਰਾਇ ਸਾਹਿਬ ਦੇ ਕੀਰਤਨ ਪ੍ਰੇਮ ਬਾਰੇ ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਵਿੱਚ ਇਕ ਘਟਨਾ ਦਾ ਵਰਨਣ ਕੀਤਾ ਹੈ – ''ਇਕ ਵਾਰੀ ਦੋ ਰਾਗੀ ਸਿੰਘ ਉਹਨਾਂ ਦੇ ਦਰਬਾਰ ਵਿੱਚ ਆਏ। ਗੁਰੂ ਸਾਹਿਬ ਆਰਾਮ ਕਰ ਰਹੇ ਸਨ। ਦੋਹਾਂ ਨੇ ਸੁਰੀਲੀ ਆਵਾਜ ਵਿੱਚ ਰਸ ਭਿੰਨਾ ਕੀਰਤਨ ਕਰਨਾ ਆਰੰਭ ਕੀਤਾ ਤਾਂ ਆਵਾਜ ਸੁਣਦਿਆਂ ਹੀ ਗੁਰੂ ਸਾਹਿਬ ਕਾਹਲੀ ਨਾਲ ਉਠੇ ਅਤੇ ਸੱਟ ਲੱਗ ਗਈ।''[18] ਇਹ ਘਟਨਾ ਉਨ੍ਹਾਂ ਦੀ ਕੀਰਤਨ ਸੁਣਨ ਦੀ ਤੀਬਰ ਇੱਛਾ ਪ੍ਰਗਟ ਕਰਦੀ ਹੈ।

ਇਸੇ ਪ੍ਰਕਾਰ ਸੂਰਜ ਪ੍ਰਕਾਸ਼ ਵਿੱਚ ਇਕ ਹੋਰ ਘਟਨਾ ਆਉਂਦੀ ਹੈ। ਜਿਸ ਵਿੱਚ ਕੀਰਤਨ ਪ੍ਰੇਮ ਤੇ ਕੀਰਤਨ ਦੀ ਮਹਾਨਤਾ ਦਰਸਾਈ ਗਈ ਹੈ। ਸੰਤੋਖ ਸਿੰਘ ਲਿਖਦੇ ਹਨ। ਕਿ ਇਕ ਵਾਰ ਦਸਮ ਪਾਤਸਾਹ ਦੇ ਦਰਬਾਰ ਵਿੱਚ ਅੰਮ੍ਰਿਤ ਵੇਲੇ ਇਕ ਪ੍ਰੇਮੀ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਕਿ ਦੀਵਾਨ ਵਿੱਚ ਰਾਗੀ ਆ ਗਏ ਉਨਾਂ ਨੇ 'ਆਸਾ ਦੀ ਵਾਰ' ਦਾ ਕੀਰਤਨ ਸੁਰੂ ਕਰ ਦਿਤਾ। ਸੁਖਮਨੀ ਦਾ ਪਾਠ ਕਰਨ ਵਾਲੇ ਸਿੰਘ ਨੇ ਤੰਗੀ ਮਹਿਸੂਸ ਕੀਤੀ ਜਦੋਂ ਕੀਰਤਨ ਦਾ ਭੋਗ ਪੈ ਗਿਆ ਤਦ ਉਸਨੇ ਸ੍ਰੀ ਦਸ਼ਮੇਸ਼ ਜੀ ਪਾਸ ਬੇਨਤੀ ਕੀਤੀ।

ਸੱਚੇ ਪਾਤਸ਼ਾਹ ਮੈਂ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਕਿ ਰਾਗੀ ਆ ਗਏ ਇਹਨਾਂ ਨੇ ਕੀਰਤਨ ਸ਼ੁਰੂ ਕਰ ਦਿੱਤਾ। ਮੇਰੇ ਪਾਠ ਕਰਨ ਵਿੱਚ ਕੁਝ ਦਿੱਕਤ ਆਈ ਬੜੀ ਮੁਸ਼ਕਲ ਨਾਲ ਪਾਠ ਸੰਪੂਰਨ ਕ੍ਰੀਤਾ। ਇਸ ਦੋਸ਼ ਦਾ ਰਾਗੀਆਂ ਨੂੰ ਦੰਡ ਮਿਲਣਾ ਚਾਹੀਦਾ ਹੈ। ਗੁਰੂ ਜੀ ਨੇ ਕੀਰਤਨ ਦੀ ਮਹਾਨਤਾ ਨੂੰ ਇਸ ਪ੍ਰਕਾਰ ਦਰਸਾਇਆ।

ਤੂੰ ਸੰਗਤ ਕੋ ਦੇਤ ਚਬੀਣੀ॥
ਜਿਸ ਤੇ ਤ੍ਰਿਪਤ ਹੋਇ ਹੈ ਝੀਣੀ॥
ਰਾਗੀ ਆਣ ਪ੍ਰਸ਼ਾਦ ਛਕਾਯੋ॥
ਬਡਭਾਗਨ ਕੋ ਬਹੁ ਤ੍ਰਿਪਤਾਯੋ॥
ਇਨ ਪਰ ਗੁਰ ਦੀ ਖੁਸ਼ੀ ਉਦਾਰਾ॥
ਕਲਿਯੁਗ ਕੀਰਤਨ ਨਾਮ ਆਧਾਰਾ॥

(ਗੁਰ ਪ੍ਰਤਾਪ ਸੂਰਜ ਰੁਤ -334)[19]

ਉਤੇ ਪ੍ਰੇਮ ਦੀ ਗੱਲ ਕਰਦੇ ਆ ਰਹੇ ਸਾਂ ਇਹ ਪ੍ਰੇਮ ਜੋ ਵਾਸ਼ਨਾਂ ਰਹਿਤ ਸੁਆਰਥ ਰਹਿਤ ਪ੍ਰੇਮ ਹੈ ਇਸ ਪ੍ਰੇਮ ਦੀ ਹੀ ਸੱਚੀ ਤਸਵੀਰ ਦਰਸਾਉਂਦੀ ਇਕ ਹੋਰ ਇਤਿਹਾਸਕ ਘਟਨਾ ਆਉਂਦੀ ਹੈ– ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਮਨਸਾ ਸਿੰਘ ਦਾ ਕੀਰਤਨ ਸੁਣਿਆ ਤਾਂ ਬਹੁਤ ਪ੍ਰਸੰਨ ਹੋਇਆ ਸ਼ੇਰੇ ਪੰਜਾਬ ਮਾਇਆ ਦੀਆਂ ਥੈਲੀਆਂ ਲੈ ਕੇ ਭਾਈ ਮਨਸਾ ਸਿੰਘ ਰਾਗੀ ਦੇ ਘਰ ਪੁੱਜੇ ਤਾਂ ਭਾਈ ਸਾਹਿਬ ਨੇ ਅੱਗੇ ਕਿਹ,''ਜਿਸ ਸਤਿਗੁਰੂ ਰਾਮਦਾਸ ਜੀ ਦੇ ਦਰ ਤੋਂ ਤੈਨੂੰ ਪੰਜਾਬ ਦਾ ਰਾਜ ਭਾਗ ਪ੍ਰਾਪਤ ਹੋਇਆ ਹੈ। ਉਸਦੇ ਦਰਵਾਰ ਦਾ ਮੈਂ ਰਾਗੀ ਹਾਂ। ਜੇ ਉਹ ਮੈਨੂੰ ਗਰੀਬੀ ਵਿੱਚ ਰੱਖਦਾ ਹੈ ਤਾਂ ਮੈਂ ਇਸ

ਵਿੱਚ ਹੀ ਪ੍ਰਸੰਨ ਹਾਂ।

ਤੁਸੀ ਆਪਣੀ ਮਾਇਆ ਆਪਣੇ ਪਾਸ ਰੱਖੋ ਤੇ ਸਾਨੂੰ ਆਤਮ ਰਸ ਵਿੱਚ ਹੀ ਮਗਨ ਰਹਿਣ ਦਿਓ।'' ਮਹਾਰਾਜਾ ਸਾਹਿਬ ਦੇ ਲੱਖ ਮਿਨੰਤਾ ਕਰਨ ਤੇ ਵੀ ਭਾਈ ਮਨਸਾ ਸਿੰਘ ਨੇ ਦਰਵਾਜ਼ੇ ਨਾ ਖੋਲਿਆ ਮਹਾਰਾਜਾ ਨੂੰ ਨਿਰਾਸ ਵਾਪਸ ਮੁੜਨਾ ਪਿਆ[20] ਰਾਗੀ ਸਿੰਘਾਂ ਦੀ ਮਨੋਬ੍ਰਿਤੀ ਹੀ ਨਿਮਨ ਲਿਖਤ ਹੋਣੀ ਚਾਹੀਦੀ ਹੈ-

ਮੋਹ ਮਾਇਆ ਕੈ ਸੰਗਿ ਨ ਲੇਪੁ॥
ਮਨ ਮਹਿ ਰਾਖੈ ਹਰਿ ਹਰਿ ਏਕ॥ (ਸੁਖਮਨੀ)

**ਨਿਮਰਤਾ ਤੇ ਕੀਰਤਨ—**

ਕੀਰਤਨ ਤੇ ਨਿਮਰਤਾ ਦਾ ਬਹੁਤ ਡੂੰਘਾ ਸੰਬੰਧ ਹੈ। ਇਹ ਪ੍ਰੇਮ ਦਾ ਹੀ ਬਦਲਿਆ ਰੂਪ ਹੈ ਪੂਰਨ ਮਨੁੱਖ ਦੀ ਸਿਰਜਣਾ ਵਿੱਚ ਨਿਮਰਤਾ ਦਾ ਵਡਮੁੱਲਾ ਯੋਗਦਾਨ ਹੈ ਕਿਉਕਿ ਨਿਮਰਤਾ ਇਕ ਚਿੰਨ ਹੈ ਜੋ ਮਨੁੱਖੀ ਮਨ ਦੀ ਅਵਸਥਾ ਦੀ ਸੂਚਨਾ ਦਿੰਦਾ ਹੈ ਕਿ ਉਹ ਕਿਤਨੀ ਕੁ ਉਚਾਈ ਤੱਕ ਪੁੱਜਾ ਹੈ। ਨਿਮਰਤਾ ਉਸ ਦਰੱਖਤ ਦੀ ਨਿਆਂਈ ਹੈ ਜਿਸ ਨੂੰ ਫਲ ਲੱਗਾ ਹੋਇਆ ਹੈ ਕਿਉ ਜੋ ਜਦੋਂ ਦਰੱਖਤ ਨੂੰ ਫਲ ਨਹੀ ਹੁੰਦਾ ਤਾਂ ਉਹ ਆਪਣੀ ਪੂਰੀ ਅਕੜਾਂਦ ਵਿੱਚ ਹੁੰਦਾ ਹੈ ਪਰ ਜਦੋਂ ਫਲ ਲੱਗ ਜਾਦਾ ਹੈ ਤਾਂ ਉਹ ਝੁੱਕ ਜਾਦਾ ਹੈ। ਨਿਮਰਤਾ ਇਕ ਜਿੱਤ ਹੈ ਜੋ ਅਸੀ ਸੰਸਾਰਕ ਮੈਦਾਨ ਵਿੱਚ ਨਹੀ ਪ੍ਰਾਪਤ ਕੀਤੀ ਜਾਂਦੀ ਸ਼ਗੋਂ ਆਪਣੇ ਅੰਦਰਲੇ ਮੈਦਾਨ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ ਜੂਝ ਕੇ ਪ੍ਰਾਪਤ ਕੀਤੀ ਹੈ। ਇਹਨਾਂ ਪੰਜਾਂ ਦੁਸ਼ਮਣਾ ਨੂੰ ਮਾਰਿਆ ਨਹੀਂ ਸਗੋਂ ਕੰਟਰੋਲ ਵਿੱਚ ਕੀਤਾ । ਇਹ ਪੰਜੇ ਹੀ ਮਨੁੱਖੀ ਸਖਸ਼ੀਅਤ ਲਈ ਘਾਤਕ ਹਨ ਜਦੋਂ ਤੱਕ ਇਹਨਾਂ ਨੂੰ ਅਵਾਰਾ ਛੱਡਿਆ ਗਿਆ ਇਹ ਬਾਹਰੀ ਦੁਸ਼ਮਣਾਂ ਨਾਲੋ ਬਹੁਤ ਬਲਵਾਨ ਹਨ—

ਅਸਲ ਦੁਸ਼ਮਣ ਭੀ ਤੁਝੇ ਮਿਲ ਜਾਏਗਾ।
ਆਪਣੇ ਅੰਦਰ ਝਾਂਕ ਕਰ ਤੋ ਦੇਖੀਏ॥ (ਆਰ.ਡੀ.ਸਰਮਾਂ, ਤਾਸੀਰ)

ਇਤਿਹਾਸ ਗਵਾਹ ਹੈ ਕਿ ਇਹਨਾਂ ਪੰਜ ਦੁਸ਼ਮਣਾ ਨੇ ਹੀ ਗੁਰੂ ਘਰ ਦੇ ਸਿਰਮੌਰ ਰਾਗੀ ਭਾਈ ਸੱਤਾ ਤੇ ਭਾਈ ਬਲਵੰਡ ਨੂੰ ਜ਼ਲੀਲ ਕੀਤਾ ਸੀ। ਮੀਆਂ ਤਾਨਸੈਨ ਵੀ ਇਹਨਾਂ ਪੰਜਾਂ ਦੇ ਘੇਰੇ ਚੋਂ ਨਿਕਲ ਨਾ ਸਕਿਆ ਉਸ ਨੂੰ ਮਾਣ ਹੋ ਗਿਆ ਕਿ ਉਹ

ਬੜੇ ਦਰਬਾਰ ਦਾ ਗਾਇਕ ਹੈ। ਇਸ ਲਈ ਉਹ ਆਪਣਾ ਗਾਇਨ ਸੁਣਾਉਣ ਲਈ ਇਕਵਾਰ ਗੋਸਵਾਮੀ ਬਿਠਲ ਨਾਥ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ। ਬਿਠਲ ਨਾਥ ਉਸਨੂੰ ਸੁਣਕੇ ਬੜੇ ਪ੍ਰਸੰਨ ਹੋਏ। ਉਹਨਾਂ ਇਨਾਮ ਵਿੱਚ ਇਕ ਹਜਾਰ ਸੋਨੇ ਦੀਆਂ ਮੋਹਰਾਂ ਉਤੇ ਦੋ ਕੋਡੀਆਂ ਰੱਖ ਕੇ ਉਸ ਨੂੰ ਭੇਂਟ ਕੀਤਾ। ਇਹ ਸਭ ਦੇਖਦੇ ਤਾਨਸੈਨ ਹੈਰਾਨ ਹੋ ਗਿਆ। ਉਸਨੇ ਇਸ ਵਚਿੱਤਰ ਇਨਾਮ ਦਾ ਰਾਜ਼ ਜਾਨਣਾ ਚਾਹਿਆ। ਇਸ ਬਾਰੇ ਬਿਠਲ ਨਾਥ ਜੀ ਨੇ ਦੱਸਿਆ ਕਿ ਐ ਤਾਨਸੈਨ, ਤੂੰ ਸਮਰਾਟ ਅਕਬਰ ਦਾ ਦਰਬਾਰੀ ਗਾਇਕ ਹੈ ਇਸ ਲਈ ਤੁਹਾਡਾ ਅਭਿਨੰਦਨ ਇਕ ਹਜ਼ਾਰ ਸੋਨੇ ਦੇ ਸਿਕਿਆ ਨਾਲ ਕੀਤਾ ਗਿਆ। ਜੇ ਤੁਸੀ ਆਪਣੇ ਗਾਇਨ ਬਾਰੇ ਜਾਨਣਾ ਚਾਹੋਂ ਤਾਂ ਕੀਰਤਨ ਗਾਇਨ ਦੇ ਸਾਹਮਣੇ ਤੁਹਾਡਾ ਗਾਣਾ ਦੋ ਕੌਡੀਆ ਦੇ ਬਰਾਬਰ ਵੀ ਨਹੀ ਹੈ। ਇਸ ਤੇ ਤਾਨਸੈਨ ਨੂੰ ਯਕੀਨ ਨਾ ਆਇਆ ਤਾਂ ਉਸਨੂੰ ਗੋਬਿੰਦ ਸੁਆਮੀ ਦਾ ਗਾਇਨ ਸੁਣਾਇਆ ਗਿਆ। ਉਸਨੂੰ ਸੁਣਕੇ ਤਾਨਸੈਨ ਸੋਚਾਂ ਵਿੱਚ ਡੁੱਬ ਗਿਆ। ਬਿਠਲ ਨਾਥ ਜੀ ਨੇ ਕਿਹਾ ਕਿ ਸੰਗੀਤ ਵਿੱਚ ਭਗਤੀ ਕਾਵਿਤਵ- ਰਚਨਾ ਦਾ ਕੌਸ਼ਲ ਅਤੇ ਸੰਗੀਤ ਦਾ ਗਿਆਨ ਹੋਣਾ ਜਰੂਰੀ ਹੈ। ਤੈਨੂੰ ਸਿਰਫ ਸੰਗੀਤ ਦਾ ਗਿਆਨ ਹੈ ਪਹਿਲੇ ਦੋ ਗੁਣਾਂ ਦਾ ਨਹੀ ਹੈ। ਇਸ ਤਰ੍ਹਾਂ ਤਾਨਸੈਨ ਗੋਬਿੰਦ ਸੁਆਮੀ ਦੇ ਕੀਰਤਨ ਸਮਾਗਮਾਂ ਵਿਚ ਭਾਗ ਲੈਣ ਲੱਗਾ।[21] ਗੁਰਬਾਣੀ ਨੇ ਵੀ ਇਸ ਗੱਲ ਤੇ ਹੀ ਜੋਰ ਦਿੱਤਾ ਹੈ ਕਿ ਹਰਿ ਕੀਰਤਨ ਤੋਂ ਬਿਨਾਂ ਸੰਗੀਤ ਵਿਅਰਥ ਹੈ-

ਗਾਵਹਿ ਰਾਗ ਭਾਤਿ ਬਹੁ ਬੋਲਹਿ
ਇਹੁ ਮਨੂਆ ਖੇਲੈ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧਾ
ਉਠ ਬੈਲ ਗਏ ਚਰਿ ਬੇਲ॥

(ਪੰਨਾ- 368)

ਪੰਡਿਤ ਦਲੀਪ ਚੰਦਰ ਵੇਦੀ ਜੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਕਲਾ ਯੋਗਤਾ, ਹਰੀ ਕੀਰਤਨ, ਪ੍ਰੇਮ, ਸੰਗੀਤ ਕਲਾ ਦਾ ਮਹੱਤਵ ਅਤੇ ਕਲਾ ਦੇ ਪ੍ਰਭਾਵ ਦੀ ਅਦੁੱਤੀ ਉਦਾਹਰਣ ਮਿਲਦੀ ਹੈ ਜਦੋਂ ਬਾਦਸ਼ਾਹ ਅਕਬਰ ਅਤੇ ਉਹਨਾਂ ਦਾ ਦਰਬਾਰੀ ਗਾਇਕ ਤਾਨਸੈਨ ਗੁਰੂ ਅਰਜਨ ਦੇਵ ਜੀ ਦਾ ਰਾਗ ਰਾਗਨੀਆਂ ਭਰੇ ਹਰੀ ਜਸ ਕੀਰਤਨ ਸੁਣਨ ਲਈ ਰਸਤੇ ਵਿੱਚ ਠਹਿਰ ਗਏ ਸਨ।[22]

**ਕੀਰਤਨ ਵਿੱਚ ਆਤਮ ਸਮਰਪਣ ਦੀ ਭਾਵਨਾ —**

ਕੀਰਤਨ ਵਿੱਚ ਆਤਮ ਸਮਰਪਣ ਦੀ ਭਾਵਨਾ ਕੀ ਰਹੈ? ਨਿਮਰਤਾ ਤੇ ਪ੍ਰੇਮ ਸਹਿਤ ਪ੍ਰਮਾਤਮਾ ਅੱਗੇ ਜੋਦੜੀ, ਬੇਨਤੀ ਕਿ- ਹੇ ਸੱਚੇ ਪਾਤਿਸ਼ਾਹ ਮੈਂ ਕੁਝ ਵੀ ਨਹੀ ਹਾਂ, ਮੈਂ ਤਾਂ ਤੇਰੇ ਹੱਥਾਂ ਦੀ ਕਠਪੁਤਲੀ ਹਾਂ ਜਿਵੇ ਤੂੰ ਮੈਨੂੰ ਨਚਾਉਂਦਾ ਹੈ ਮੈਂ ਉਵੇਂ ਹੀ ਨੱਚਤੀ ਹਾਂ। ਇਸ ਭਾਵਨਾ ਨਾਲ ਕੀਤਾ ਕੀਰਤਨ ਬਹੁਤ ਪ੍ਰਭਾਵਸ਼ਾਲੀ ਬਣ ਜਾਂਦਾ ਹੈ ਕਿਉਕਿ 'ਮੈ' ਹੀ ਪ੍ਰਮਾਤਮਾ ਦੇ ਅਨੰਤ ਮਾਰਗ ਵਿੱਚ ਰੋੜਾ ਹੈ। ਸਾਲਾਂ-ਬੱਧੀ ਸਧਨਾਂ ਨੂੰ 'ਮੈ' ਦਾ ਹੜ ਮਿੰਟਾ ਵਿੱਚ ਵਹਾ ਕੇ ਲੈ ਜਾਦਾ ਹੈ। ਇਸੇ ਤਰ੍ਹਾਂ ਹੋਇਆ ਸੀ ਇਕ ਵਾਰ ਹਰਿ ਵਲਭ (ਜਲੰਧਰ) ਮੇਲੇ ਵਿੱਚ। ਜੰਮੂ ਕਸ਼ਮੀਰ ਦੇ ਦਰਬਾਰੀ ਗਾਇਕ ਉਸਤਾਦ ਕਾਲੇ ਖਾਂ ਜੋ ਬੜੇ ਕਲਾਕਾਰ ਸਨ ਨੇ ਰਾਤ ਨੂੰ 'ਬਿਹਾਗ' ਰਾਗ ਗਾਇਆ। ਉਹਨਾਂ ਨੇ ਆਪਣੇ ਗਾਇਨ ਪ੍ਰਸਤਤ ਕਰਨ ਵਿੱਚ ਬੜੀ ਕਮਾਲ ਦਿਖਾਈ। ਉਸ ਸਮੇ ਪੰ. ਵਿਸ਼ਨੂੰ ਦਿਗੰਬਰ ਜੀ ਵੀ ਹਾਜ਼ਰ ਸਨ। ਪੰਡਿਤ ਜੀ ਕਹਿਣ ਲੱਗੇ "ਗਾਣੇ ਤੇ ਤਾਂ ਖਾਂ ਸਾਹਿਬ ਨੇ ਮੋਹਰ ਲਗਾ ਦਿੱਤੀ ਹੈ। ਮੈ ਕੀ ਗਾਵਾ।" ਖਾਂ ਸਾਹਿਬ ਨੂੰ ਇਹ ਤਾਰਿਫ ਹਜ਼ਮ ਨਾ ਹੋਈ, ਬੋਲੇ- "ਐਸਾ ਕਰਕੇ ਤਾਂ ਦਿਖਾਓ। ਆਪਦਾ ਨਾਮ ਬਹੁਤ ਬੜਾ ਹੈ। " ਪੰਡਿਤ ਜੀ ਨੇ ਬੁਰਾ ਨਾ ਮਨਾਇਆ। ਹੱਸਕੇ ਕਹਿਣ ਲੱਗੇ- "ਕੋਸ਼ਿਸ਼ ਕਰੂੰਗਾ" ਫਿਰ ਪੰਡਿਤ ਜੀ ਨੇ ਵੀ ਬਿਹਾਗ ਹੀ ਸ਼ੁਰੂ ਕੀਤਾ, ਜਿਸਦੇ ਬੋਲ ਸਨ- "ਬੰਸਰੀ ਤੋ ਕੇਵਲ ਗੁਮਾਨ ਭਰੀ।" ਥੋੜੀ ਦੀ ਦੇਰ ਬਾਅਦ ਖਾਂ ਸਾਹਿਬ ਨੇ ਪੰਡਿਤ ਜੀ ਦੇ ਪੈਰ ਫੜ ਲਏ। [23]

ਗੁਰੂ ਸਾਹਿਬਾਨਾਂ ਦਾ ਵੀ ਇਹ ਹੀ ਮਨੋਰਥ ਸੀ ਕਿ ਗਾਇਆ ਪੂਰੀ ਆਤਮ ਸਮਰਪਣ ਦੀ ਭਾਵਨਾ ਨਾਲ ਜਾਵੇ ਕਿਉਕਿ ਹੰਕਾਰ ਵਿੱਚ ਗਾਣਾ ਤਾਂ 'ਨੇਕੀ ਕਰ ਤੇ ਖੂਹ ਵਿੱਚ ਸੁੱਟਣ' ਦੇ ਬਰਾਬਰ ਹੀ ਹੈ-

ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ॥

(ਪੰਨਾ- 84)

ਕੁਦਰਤ ਦਾ ਸਾਰਾ ਸ਼ੰਗੀਤ ਉਸ ਪਰਮ ਹੱਸਤੀ ਨੂੰ ਸਮਰਪਿਤ ਹੈ ਸੰਸਾਰ ਦੀ ਹਰ ਵਸਤੂ ਉਸ ਦੀ ਰਜ਼ਾ ਦੇ ਘੇਰੇ ਵਿੱਚ ਰਹਿ ਕੇ ਹੀ ਗਾ ਰਹੀ ਹੈ। ਕੋਇਲ ਨੇ ਕਦੋਂ

'ਮੈਂ' 'ਮੈਂ' ਕਰਕੇ ਗਾਇਆ ਉਹ ਤਾਂ ਸਿਰਫ ਤੂੰ ਹੀ ਤੂੰ ਦੀ ਧੁੰਨ ਵਿੱਚ ਮੁਗਧ ਰਹਿੰਦੀ ਹੈ। ਕੋਇਲ ਨੇ ਕਦੋਂ ਹੰਕਾਰ ਵੱਸ ਹੋ ਕੇ ਗਾਇਆ? ਕਦੋਂ ਕਿਸੇ ਦੇ ਕਹਿਣ ਤੇ ਗਾਉਣਾ ਸ਼ੁਰੂ ਕੀਤਾ। ਉਹ ਤਾਂ ਉਵੇ ਹੀ ਗਾ ਰਹੀ ਹੈ ਜਿਵੇ ਪ੍ਰਮਾਤਮਾ ਉਸ ਤੋ ਗਾਇਨ ਕਰਵਾ ਰਿਹਾ ਹੋ।

ਜਦੋਂ ਤਾਨਸੈਨ ਨਾਲ ਅਕਬਰ ਸਮਰਾਟ ਨੇ ਉਸ ਦੇ ਗੁਰੂ ਹਰੀ ਦਾਸ ਦੇ ਗਾਇਨ ਦੀ ਤੁਲਣਾ ਕੀਤੀ ਤਾਂ ਤਾਨਸੈਨ ਦਾ ਗਾਇਨ ਉਸਨੂੰ ਹਲਕਾ ਮਹਿਸੂਸ ਹੋਇਆ। ਜਦੋਂ ਕਿ ਅਕਬਰ ਤਾਨਸੈਨ ਨੂੰ ਦੁਨੀਆਂ ਦਾ ਸਿਰਮੌਹ ਗਾਇਕ ਮੰਨਦਾ ਸੀ। ਤਾਂ ਤਾਨਸੈਨ ਨੇ ਜਵਾਬ ਦਿੱਤਾ ਕਿ ਮਹਾਰਾਜ- ਮੇਰਾ ਸੰਗੀਤ ਆਪ ਜੀ ਦੇ ਦਰਬਾਰ ਨੂੰ ਸਮਰਪਿਤ ਹੈ। ਜਦੋ ਕਿ ਗੁਰੂ ਹਰਿਦਾਸ ਦਾ ਸੰਗੀਤ ਪ੍ਰਮਾਤਮਾ ਨੂੰ ਸਮਰਪਿਤ ਹੋ ਉਹ ਕਿਸੇ ਦੇ ਕਹਿਣ ਤੇ ਗਾਉਣਾ ਸ਼ੁਰੂ ਨਹੀ ਕਰਦੇ, ਉਹ ਦਾਂ ਪ੍ਰਮਾਤਮਾ ਦੀ ਰਜ਼ਾ ਵਿੱਚ ਹੀ ਰਹਿੰਦੇ ਹਨ। ਤਦੋਂ ਅਕਬਰ ਸਮਰਾਟ ਨੂੰ ਪਤਾ ਲੱਗਾ ਕਿ ਪ੍ਰਮਾਤਮਾ ਨੂੰ ਸਮਰਪਿਤ ਸੰਗੀਤ ਕਿਤਨਾ ਵੱਡਾ ਹੈ ਤੇ ਤਾਨਸੈਨ ਦਾ ਸੰਗੀਤ ਕਿਤਨਾ ਛੋਟਾ।

ੳ ਅਨੰਤ ਮਾਰਗ ਤੇ ਚਲਣ ਦੇ ਇਛਕੋ ਆਓ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਦੇ ਸਮਰਪਿਤ ਕਰਕੇ ਉਸ ਪ੍ਰਮਾਤਮਾ ਦੇ ਚਲ ਰਹੇ ਅਨੰਤ ਕੀਰਤਨ ਦੀ ਧੁਨੀ ਵਿੱਚ ਅਭੇਦ ਹੋ ਜਾਈਏ।

## ਹਵਾਲੇ


17. ਮਾਸਕ ਪੱਤਰ 'ਗੁਰਮਤਿ ਪ੍ਰਕਾਸ਼' ਦੇ ''ਗੁਰਮਤਿ ਸੰਗੀਤ'' ਵਿਸ਼ੇਸ਼ ਅੰਕ 'ਚੋਂ-

18. ਡਾ. ਦੀਪ ''ਗੁਰਬਾਣੀ ਚਿਤੰਨ - ਪੰਨਾ-205

19. ਪ੍ਰਤਾਪ ਸਿੰਘ ਗਿਆਨੀ- ''ਗੁਰਬਾਣੀ ਇਸ ਜਗ ਮਹਿ ਚਾਨਣ''- ਪੰਨਾ-73

20. ਜੰਗ ਸਿੰਘ ਗਿਆਨੀ- ''ਅੰਮ੍ਰਿਤਸਰ ਸਿਫਤੀ ਦਾ ਘਰ'' - ਪੰਨਾ-64

21. ਹਾਥਰਸ ਤੋਂ ਛਪਦੇ ''ਸੰਗੀਤ'' ਦੇ 'ਕਥਾਅੰਕ' ਵਿਚੋਂ ਹਵਾਲਾ।

22. ਹਾਥਰਸ ਤੋਂ ਛਪਦੇ ''ਸੰਗੀਤ'' ਦੇ 'ਕਥਾਅੰਕ' ਵਿਚੋਂ ਹਵਾਲਾ।

23. ਹਾਥਰਸ ਤੋਂ ਛਪਦੇ ''ਸੰਗੀਤ'' ਦੇ 'ਕਥਾਅੰਕ' ਵਿਚੋਂ ਹਵਾਲਾ।

# ਗੁਰਮਤਿ ਵਿੱਚ ਕੀਰਤਨ ਦਾ ਮਹੱਤਵ

ਸੁਰਜੀਤ ਸਿੰਘ ਭਾਟੀਆ

ਗੁਰਮਤਿ ਅਗੰਮ ਤੇ ਅਗੋਚਰ, ਅੱਲਖ ਤੇ ਅਪਾਰ, ਨਿਰਗੁਣ ਤੇ ਨਿਰਅਕਾਰ, ਪਰਮ ਸੱਚ ਤੇ ਪਰਮ ਤੱਤ, ਹਰਿ ਨਾਲ ਪ੍ਰੀਤ ਸੰਜੋਗ ਦੇ ਅਨੁਭਵ ਉਤੇ ਆਧਾਰਤ ਧਰਮ ਹੈ। ਗੁਰਬਾਣੀ ਇਸ ਅਨੁਭਵ ਦਾ ਵਿਆਖਿਆਨ ਹੋਣ ਕਰਕੇ ਇਸਦਾ ਮਾਰਗ ਦਰਸ਼ਕ ਹੈ। ਗੁਰਬਾਣੀ ਉਹ ਸ਼ਬਦ ਹਨ ਜੋ ਗੁਰੂ ਸਾਹਿਬਾਨ ਤੇ ਉਨ੍ਹਾਂ ਭਗਤਾਂ ਤੇ ਭਟਾਂ ਨੇ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ, ਉਸ ਸਮੇਂ ਕਹੇ, ਜਦ ਉਹ ਪਰਮ ਤੱਤ ਤੇ ਪਰਮ ਸੱਚ ਹਰਿ ਨਾਲ ਪ੍ਰੀਤ ਮਿਲਾਪ ਦੇ ਵਿਸਮਾਦ ਮਈ ਸਰੂਰ ਵਿੱਚ, ਇਸ ਕਦਰ ਗੜੂੰਦ ਗਏ ਸਨ ਤੇ ਉਸ ਨਾਲ ਮੁਕੰਮਲ ਰੂਪ ਵਿੱਚ ਇਸ ਕਦਰ ਇਕ ਸੁਰ ਤੇ ਇਕਤਾਰ ਹੋ ਗਏ ਸਨ ਕਿ ਉਨ੍ਹਾਂ ਦਾ ਇਸ ਪਰਮ ਹਸਤੀ ਨਾਲ ਆਪਾ ਪਰਕਾ ਮਿਟ ਗਿਆ ਸੀ। ਦੇਹ ਕੀਮਤਾਂ ਤੋਂ ਉਪਰ ਉਠੀ ਤੇ ਨਿਜੀ ਅਪਣਤ ਦੇ ਖਤਮ ਹੋਣ ਨਾਲ ਸਚ ਸਰੂਪ ਹੋਈ ਆਤਮਾ ਜਦ ਪਰਮ ਸੱਚ ਵਿੱਚ ਲੀਨ ਹੋਵੇਗੀ. ਤੇ ਇਸ ਮਿਲਾਪ ਦੇ ਸਮੇਂ ਪਰਮ ਸੱਚ ਤੋਂ ਬਿਨਾਂ ਹੋਰ ਕੁਝ ਨਹੀਂ ਰਹਿ ਜਾਵੇਗਾ। ਤੂੰ ਹੀ ਤੂੰ ਹੋ ਜਾਵੇਗਾ ਇਸ ਮਿਲਾਪ ਦੇ ਵਿਸਮਾਦੀ ਪ੍ਰਭਾਵ ਵਿੱਚ ਜੋ ਸ਼ਬਦ ਤੇ ਜੋ ਬਾਣੀ ਇਸਦੇ ਮੂੰਹੋਂ ਨਿਕਲੇਗੀ ਉਹ ਕੇਵਲ ਸੱਚ ਹੀ ਹੋਵੇਗੀ। ਸੱਚ ਨਾਲ ਸੱਚ ਮਿਲੇ ਤਾਂ ਗੱਲਾਂ ਕੇਵਲ ਸੱਚ ਦੀਆਂ ਹੀ ਹੋਣਗੀਆਂ। ਸੱਚ ਦੇ ਇਸ ਨਿਜੀ ਅਨੁਭਵ ਤੋਂ ਜੋ ਬਾਣੀ ਪ੍ਰਗਟ ਹੋਵੇਗੀ ਸਚੀ ਬਾਣੀ ਹੀ ਹੋਵੇਗੀ। ਸੱਚ ਦੀ ਵਿਆਖਿਆ ਹੀ ਹੋਵੇਗੀ।

ਗੁਰਬਾਣੀ ਪਰਮ ਸੱਚ ਨਾਲ ਪ੍ਰੀਤ ਸੰਜੋਗ ਵਿੱਚ ਗਾਏ ਐਸੇ ਰਹੱਸਮਈ ਤੇ ਸਰੋਦੀ ਗੀਤ ਹਨ ਜਿਨ੍ਹਾਂ ਵਿੱਚ ਸਾਰਥਿਕ ਸ਼ਬਦ, ਕਵਿਤਾ ਤੇ ਸੰਗੀਤ ਆਪੋ ਵਿੱਚ ਅਨਿਖੜਵੇਂ, ਲੈਮਈ ਤੇ ਸੁਰ ਸੰਗੀਤ ਢੰਗ ਵਿੱਚ ਗੁੰਦੇ ਹੋਏ ਹਨ। ਇਨ੍ਹਾਂ ਸਾਰਥਿਕ ਸ਼ਬਦਾਂ ਵਿੱਚ ਅੰਕਤ, ਅਗੰਮ ਦੇ ਪ੍ਰੀਤ ਮਿਲਾਪ ਤੋਂ ਉਪਜੇ ਅਗੰਮ ਦੇ ਝਲਕਾਰੇ ਅਗੰਮੀ ਤੇ ਸੂਖਮ ਵਿਚਾਰ, ਕੇਵਲ ਕਵਿਤਾ ਤੇ ਸੰਗੀਤ ਦੇ ਸੂਖਮ ਮਾਧਿਅਮ ਰਾਹੀਂ ਹੀ ਦਿਲ ਦੀਆਂ ਉਨ੍ਹਾਂ ਅਗੰਮੀ ਡੂੰਘਾਈਆਂ ਤਕ ਪਹੁਚਾਏ ਜਾ ਸਕਦੇ ਹਨ ਜੋ ਵਿਸਮਾਦੀ ਆਨੰਦ ਦਾ ਮੰਡਲ ਹਨ, ਅਨੁਭਵ ਅਤੀਤ ਦਾ ਖੇਤਰ ਹਨ। ਗੁਰਬਾਣੀ ਵਿੱਚ ਪ੍ਰਭੂ ਪਰਮਾਤਮਾਂ

ਪਰਮ ਸੱਚ ਨਾਲ ਮਿਲਾਪ ਨੂੰ "ਵਾਜੇ ਸਬਦ ਅਨਾਹਦ ਵਾਜੇ" ਅਨਹਦ ਨਾਦ ਤੇ ਅਨਹਦ ਧੁਨ ਬਾਣੀ ਰਾਂਹੀ ਵੀ ਅੰਕਿਤ ਕੀਤਾ ਗਿਆ ਹੈ। ਇਸ ਪ੍ਰੀਤ ਮਿਲਾਪ ਦੇ ਰਹੱਸ ਨੂੰ ਆਪਣੇ ਅਸਲੀ ਰੂਪ ਵਿਚ ਜੈਸਾ ਸਾ ਤੈਸਾ ਦ੍ਰਿਸਟਾਇਆ ਪੇਸ਼ ਕਰਨ ਲਈ ਤੇ ਗੁਰਮੁਖ ਨਾਦ ਬੇਦ ਬੀਚਾਰੁ ਦੇ ਰੂਪ ਵਿੱਚ ਦ੍ਰਿਸ਼ਟਾਣ ਲਈ ਸਾਰਥਿਕ ਸ਼ਬਦਾਂ ਕਵਿਤਾ ਤੇ ਸੰਗੀਤ ਦਾ ਸੰਗਮ ਹੀ ਇਕੋ ਇਕ ਮਾਧਿਅਮ ਹੋ ਸਕਦਾ ਹੈ।

ਗੁਰਬਾਣੀ ਪ੍ਰਭੂ ਪਰਮਾਤਮਾ ਦੀ ਸਿਫਤ ਸਲਾਹ ਹੈ ਜਿਸ ਦਾ ਮੰਤਵ "ਸਿਫਤੀ ਗੰਢ ਪਵੈ ਦਰਬਾਰਿ" ਹੈ। ਸਿਫਤ ਸਲਾਹ ਤੇ ਗੁਣ, ਅਥਵਾ ਸੋਹਿਲੇ ਹਮੇਸਾਂ ਗਾਏ ਹੀ ਜਾਂਦੇ ਹਨ, ਕਹੇ ਨਹੀਂ ਜਾਂਦੇ। ਜਿਸਨੂੰ ਪਉਣ ਪਾਣੀ ਬੈਸੰਤਰ ਗਾਉਂਦੇ ਹਨ। ਕੁਲ ਕਾਇਨਾਤ ਤੇ ਖਾਣੀ ਚਾਰੇ ਗਾਉਂਦੇ ਹਨ। ਉਸ ਨਾਲ ਮੇਲ ਮਿਲਾਪ ਲਈ, ਇਨ੍ਹਾਂ ਸਾਰਿਆਂ ਨਾਲ ਰਲਕੇ ਤੇ ਸਾਰੀ ਕੁਦਰਤ ਨਾਲ ਇਕ ਤਾਰ ਤੇ ਇਕ ਸੁਰ ਹੋਣ ਲਈ ਉਸਦੀ ਸਿਫਤ ਸਹਾਲ ਵਿੱਚ ਗਾਉਣਾ ਹੀ ਬਣਦਾ ਹੈ। ਕੀਰਤਨ ਦਾ ਭਾਵ ਵੀ ਤਾਂ ਕੀਰਤ, ਗੁਣ ਤੇ ਸਿਫਤਾਂ ਗਾਉਣਾ ਹੀ ਹੈ। ਆਦੇਸ਼ ਵੀ ਹੈ। "ਕੀਰਤਿ ਪ੍ਰਭੂ ਕੀ ਗਾਉ ਮੇਰੀ ਰਸਨਾ" ਅਤੇ ਗੁਰੂ ਨਾਨਕ ਦੀ ਅਪਣੀ ਗਵਾਹੀ ਹੈ। "ਸਾਹਿਬ ਕੇ ਗੁਣ ਨਾਨਕੁ ਗਾਵੈ।"

ਜਦ ਗੁਰਬਾਣੀ ਕੀਰਤਨ ਦੇ ਰੂਪ ਵਿੱਚ ਗਾਈ ਜਾਂਦੀ ਹੈ ਤਾਂ ਅਗੰਮੀ ਵਿਚਾਰਾਂ ਨਾਲ ਭਰਪੂਰ ਸਾਰਥਿਕ ਸ਼ਬਦ, ਕਵਿਤਾ ਤੇ ਸੰਗੀਤ ਤਿੰਨੇ ਰਲ ਕੇ ਐਸਾ ਠਾਠ ਬਣਾਂਦੇ ਹਨ ਕਿ ਗਾਉਣ ਵਾਲੇ ਤੇ ਸਰੋਤੇ ਖਾਸ ਕਰਕੇ ਉਸ ਸਮੇਂ ਜਦ ਸਰੋਤੇ ਵੀ ਗਾਉਣ ਵਾਲਿਆਂ ਦੇ ਨਾਲ ਇਕ ਸੁਰ ਹੋ ਕੇ ਉਨਾਂ ਦੇ ਨਾਲ ਹੀ ਆਵੇਸ਼ ਵਿੱਚ ਆ ਕੇ ਗਾਉਣ ਲੱਗ ਪੈਂਦੇ ਹਨ ਤਾਂ ਇਹ ਸਾਰੇ ਆਪਣੇ ਆਪ ਨੂੰ ਭੁਲ ਕੇ ਇਕ ਸਰੋਦੀ ਮਸਤੀ ਵਿੱਚ ਗੁਅਾਚ ਜਾਂਦੇ ਹਨ। ਹਰ ਇਕ ਦਾ ਮਨ ਵਿਸਮਾਦੀ ਵਲਵਲੇ ਦੇ ਦੇਸ ਪਹੁੰਚ ਜਾਂਦਾ ਹੈ ਤੇ ਆਤਮਾ ਜਿਵੇਂ ਪਰਮਾਤਮਾਂ ਵਿੱਚ ਲੀਨ ਹੋਣ ਦਾ ਆਨੰਦ ਮਾਣਦੀ ਹੈ ਇਸ ਤਰਾਂ ਕੀਰਤਨ ਵਿੱਚ ਲੀਨ ਸਾਰੀ ਸੰਗਤ ਗੁਰੂ ਸਾਹਿਬਾਨ ਤੇ ਪਰਮਾਤਮਾ ਵਿੱਚ ਲੀਨ ਹੋਣ ਦੇ ਅਨੁਭਵ ਦੀ ਭਾਗੀ ਤੇ ਸਾਂਝੀਵਾਲ ਬਣਦੀ ਹੈ ਤੇ ਹਰ ਵਿਅਕਤੀ ਉਨ੍ਹਾਂ ਦੇ ਪਰਮ ਤੱਤ ਨਾਲ ਇਕ ਮਿਕ ਹੋਣ ਦੇ ਰਹੱਸਮਈ ਤਜਰਬੇ ਨੂੰ ਨਿਜੀ ਤੌਰ ਉੱਤੇ ਅਨੁਭਵ ਕਰਦਾ ਹੈ।

ਅਨੁਭਵੀ ਵਿਚਾਰਦਾਨਾਂ ਦਾ ਖਿਆਲ ਹੈ ਕਿ ਸੰਗੀਤ(ਕੀਰਤਨ) ਨਾ ਕੇਵਲ ਮਨ ਦੇ ਤਣਾਉ ਨੂੰ ਹੀ ਦੂਰ ਕਰਦਾ ਹੈ ਤੇ ਉਸਦੇ ਮਨੋਵੇਗ ਤੇ ਆਵੇਸ਼ ਨੂੰ ਹੀ ਮੱਠਾ ਕਰਕੇ ਉਸਦੀ ਭਾਜੜ ਨੂੰ ਖਤਮ ਕਰਕੇ ਠੰਢ ਪਾਉਂਦਾ ਹੈ, ਸਗੋਂ ਹਿਰਦੇ ਨੂੰ ਅਗੰਮ ਤੇ ਅਨੰਤ ਨਾਲ ਇਕ ਸੁਰ ਕਰਦਾ ਹੈ, ਉਸ ਨਾਲ ਜੋੜ ਦਿੰਦਾ ਹੈ।

ਇਹ ਖਿਆਲ ਰਹੇ ਕਿ ਅਨੰਤ ਨਾਲ ਜੁੜਣ ਦਾ ਇਹ ਅਨੁਭਵ ਕੇਵਲ ਸਚੇ ਗੁਰੂ ਦੀ ਸਚੀ ਬਾਣੀ ਜੋ ਪਰਮ ਸਚ ਪ੍ਰਭੂ ਪਰਮਾਤਮਾ ਨਾਲ ਮਿਲਾਪ ਦੇ ਰਹੱਸ ਵਿੱਚ ਉਚਾਰੀ ਗਈ ਹੈ ਦੇ ਕੀਰਤਨ ਦੁਆਰਾ ਹੀ ਹਾਸਲ ਹੋ ਸਕਦਾ ਹੈ। ਇਸੇ ਲਈ ਗੁਰੂ ਅਮਰ ਦਾਸ ਜੀ ਦੀ ਫੁਰਮਾਨ ਹੈ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ

(ਰਾਮਕਲੀ ਮ: ੩, ਅਨੰਦੁ, ਪੰਨਾ 920)

ਕਿਉਂਕਿ ਕੱਚੀ ਬਾਣੀ ਜੋ ਮਾਇਆ ਵਿੱਚ ਖਚਿਤ ਵਿਅਕਤੀ ਵਲੋਂ ਦੇਹ ਕੀਮਤਾਂ ਤੋਂ ਉਪਰ ਉਠੇ ਬਿਨਾਂ ਰਚੀ ਗਈ ਹੈ। ਕਦੀ ਵੀ ਮਾਇਆ ਦੇ ਪ੍ਰਭਾਵ ਤੇ ਦੇਹ ਕੀਮਤਾਂ ਤੋਂ ਉਪਰ ਨਹੀਂ ਲੈ ਜਾ ਸਕਦੀ। ਨਾ ਇਸਦੇ ਰਚੇਤਾ ਨੂੰ ਅਗੰਮ ਦਾ ਅਨੁਭਵ ਹੁੰਦਾ ਹੈ। ਨਾ ਇਹ ਸੱਚ ਦੀ ਗੱਲ ਕਰਦੀ ਹੈ। ਤੇ ਨਾ ਹੀ ਪਰਮ ਸੱਚ ਅਗੰਮ ਨਾਲ ਜੋੜ ਸਕਦੀ ਹੈ। ਤਜਰਬੇ ਤੋ ਬਿਨਾਂ ਕੀਤੀ ਗੱਲ ਨਾ ਕੇਵਲ ਕੱਚੀ, ਹੌਲ਼ੀ ਤੇ ਹੋਛੀ ਹੀ ਹੋਵੇਗੀ ਸਗੋਂ ਕੁਰਾਹੇ ਵੀ ਪਾਏਗੀ। ਤਜਰਬੇ ਤੋ ਬਿਨਾ ਗਿਆਨ ਅਧੂਰਾ ਤੇ ਬੋਦਾ ਹੋਵੇਗਾ। ਕੂੜ ਤੇ ਕਪਟ ਹੀ ਹੋਵੇਗਾ। ਆਮ ਗੀਤ ਸੰਗੀਤ, ਅੱਵਲ ਤਾਂ ਮਨ ਦੀਆਂ ਵਾਸਨਾਵਾਂ ਨੂੰ ਭੜਕਾਂਦੇ ਤੇ ਉਨਾਂ ਨੂੰ ਆਵੇਸ਼ ਵਿੱਚ ਲਿਆਉਂਦੇ ਹਨ ਕੁਝ ਉਚੇਰੀ ਪਾਧਰ ਦੇ ਗੀਤ ਤੇ ਸੰਗੀਤ ਇਨ੍ਹਾਂ ਭਾਵਨਾਵਾਂ ਨੂੰ ਉਤਕ੍ਰਿਸ਼ਟ ਕਰਨ ਤਕ ਚਲੇ ਜਾਂਦੇ ਹਨ।

ਪਰ ਇਹ ਕਦੀ ਵੀ ਮਨ ਨੂੰ ਉਨ੍ਹਾਂ ਉਚੇਰੀਆਂ ਸਿਖਰਾਂ ਤਕ ਨਹੀਂ ਲੈ ਜਾਂਦੇ ਜਿਨ੍ਹਾਂ ਨੂੰ ਅਨੁਭਵ ਅਤੀਤ ਦਾ ਖੇਤਰ ਕਿਹਾ ਜਾਦਾ ਹੈ। ਅਨੰਤ ਨਾਲ ਪ੍ਰੀਤ ਸੰਜੋਗ ਨਾਲ ਇਨ੍ਹਾਂ ਦਾ ਦੂਰ ਦਾ ਸੰਬੰਧ ਵੀ ਨਹੀਂ ਹੁੰਦਾ।

ਪ੍ਰੀਤ ਸੰਜੋਗ ਦੇ ਅਨੁਭਵ ਤੋ ਬਿਨਾਂ ਕਹੀ ਹੋਈ ਗੱਲ "ਕਹਿਆ ਕਛੂ ਨਾ

ਜਾਣੀ'' ਵਾਲੀ ਗੱਲ ਹੋਵੇਗੀ। ਕੱਚੀ ਬਾਣੀ ਦਾ ਪ੍ਰਭਾਵ ਕਦੀ ਵੀ ਹਿਰਦੇ ਦੀਆਂ ਡੂੰਘਾਈਆਂ ਤਕ ਨਹੀਂ ਅਪੜ ਸਕੇਗਾ। ਹਿਰਦੇ ਵਿੱਚ ਠੰਡ ਨਹੀਂ ਪਾ ਸਕੇਗਾ। ਮਾਇਆ ਤੇ ਦੇਹ ਕੀਮਤਾਂ ਵਿੱਚ ਉਲਝਿਆ ਮਨ ਕਦੀ ਵੀ ਭਟਕਣਾ ਰਹਿਤ ਨਹੀਂ ਹੋ ਸਕਦਾ। ਅਨੰਤ ਦੀ ਪ੍ਰੀਤ ਦੇ ਯੋਗ ਨਹੀਂ ਹੋ ਸਕਦਾ। ਕਚੀ ਬਾਣੀ ਪਾਰੇ ਫੁਰਮਾਨ ਹੈ।

ਬਾਣੀ ਤਾ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ

ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਿਖਾਣੀ

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ

ਕਹੈ ਨਾਨਕੁ ਸਤਿਗੁਰੂ ਬਾਲਹੁ ਹੋਰ ਕਚੀ ਬਾਣੀ

(ਰਾਮਕਲੀ ਮ: ੩, ਅਨੰਦੁ, ਪੰਨਾ 920)

ਸੰਗਤ ਵਿੱਚ ਸੱਚੀ ਬਾਣੀ ਦੇ ਕੀਰਤਨ ਵਿੱਚ ਜਦ ਰਾਗੀ ਤੇ ਸਰੋਤੇ ਇਕ ਸੁਰ ਤੇ ਇਕਤਾਰ ਹੋ ਜਾਂਦੇ ਹਨ। ਮਨ ਅਗਮ ਦੇ ਹੁਲਾਰੇ ਵਿੱਚ ਪਹੁੰਚ ਜਾਂਦਾ ਹੈ। ਤਾਂ ਬੈਕੁੰਠ ਦਾ ਵਾਤਾਵਰਨ ਪੈਦਾ ਹੋ ਜਾਂਦਾ ਹੈ। ਇਸ ਵਾਤਾਵਰਨ ਵਿੱਚ ਜਦ ਮਨ ਬਾਣੀ ਨਾਲ ਉਸਦੀ ਰੂਹ ਨਾਲ ਜੁੜਦਾ ਹੈ। ਤਾ ਪਰਮਾਤਮਾਂ ਦੀ ਕਿਰਪਾ ਨਾਲ ਸ਼ਰਧਾ ਉਪਜਦੀ ਹੈ।

ਤਹਾ ਬੈਕੁੰਠ ਜਹਾ ਕੀਰਤਨੁ ਤੇਰਾ

ਤੂੰ ਆਪੇ ਸਰਧਾ ਲਾਇਹਿ॥

(ਸੂਹੀ ਮਹਲਾ ੫, ਪੰਨਾ 749)

ਕੀਰਤਨ ਦੇ ਸਰੋਦੀ ਵਜਦ ਦੇ ਵਾਤਾਵਰਨ ਵਿੱਚ ਹੀ ਗੁਰਬਾਣੀ ਦੇ ਸ਼ਬਦ ਅਪਣਾ ਸਹੀ ਤੇ ਅਮਲੀ ਅਰਥ ਪ੍ਰਗਟਾ ਸਕਦੇ ਹਨ। ਇਨਾਂ ਵਿੱਚ ਅੰਕਿਤ ਵਿਚਾਰ ਕੀਰਤਨ ਕਰਨ ਤੇ ਸੁਣਨ ਵਾਲਿਆਂ ਦੇ ਹਿਰਦਿਆਂ ਵਿੱਚ ਭਾਵ ਪੂਰਤ ਢੰਗ ਨਾਲ ਉਤਰ ਸਕਦੇ ਹਨ।

ਇਹ ਖਿਆਲ ਰਖਣ ਵਾਲੀ ਗੱਲ ਹੈ ਕਿ ਕੋਈ ਵੀ ਵਿਚਾਰ ਕੇਵਲ ਉਸ ਪੱਧਰ

ਉਤੇ ਜਾ ਕੇ ਹੀ ਸਮਝਿਆ ਤੇ ਅਨੁਭਵ ਕੀਤਾ ਜਾ ਸਕਦਾ ਹੈ। ਜਿਸ ਪੱਧਰ ਉਤੇ ਉਹ ਉਪਜਿਆ ਹੋਵੇ। ਗੁਰਬਾਣੀ ਚੁੰਕਿ ਹਿਰਦੇ ਦੀਆਂ ਅਗੰਮੀ ਡੂੰਘਾਈਆਂ ਵਿੱਚੋਂ ਉਸ ਸਮੇਂ ਉਪਜੀ ਹੈ। ਜਦ ਇਸਦੇ ਰਚਨਹਾਰ ਸਚੇ ਗੁਰੂ ਦੇਹ ਕੀਮਤਾਂ ਤੋ ਉਪਰ ਉਠ ਤ੍ਰੈ ਗੁਣ ਅਤੀਤ ਹੋ ਕੇ ਪਰਾਅਨੁਭਵੀ ਤੇ ਅਗੰਮੀ ਅਵਸਥਾਂ ਵਿੱਚ ਪਹੁੰਚੇ ਸਨ।

ਇਸ ਲਈ ਗੁਰਬਾਣੀ ਦੀ ਠੀਕ ਤੇ ਉਚਿਤ ਸੋਝੀ ਉਸੇ ਅਵਸਥਾ ਉਤੇ ਪਹੁੰਚਕੇ ਹੀ ਆ ਸਕਦੀ ਹੈ। ਸੰਗਤ ਵਿੱਚ ਗੁਰਬਾਣੀ ਦਾ ਕੀਰਤਨ ਹਿਰਦੇ ਨੂੰ ਇਸੇ ਅਵਸਥਾ ਵਿੱਚ ਪਹੁੰਚਾ ਦਿੰਦਾ ਹੈ। ਜਿਸ ਕਰਕੇ ਗੁਰਬਾਣੀ ਨੂੰ ਠੀਕ ਤਰਾਂ ਸਮਝਾਉਣ ਤੇ ਅਨੁਭਵ ਕਰਨ ਲਈ ਉਚਿਤ ਤੇ ਅਨੁਕੂਲ ਵਾਤਾਵਰਨ ਬੈਕੁੰਠ ਦਾ ਵਾਤਾਵਰਨ ਕੀਰਤਨ ਵਿੱਚ ਹੀ ਬਣਦਾ ਹੈ।

ਕੀਰਤਨ ਦੁਆਰਾ ਜਿਥੇ ਮਨ ਸ਼ਾਂਤ ਤੇ ਸਥਿਰ ਹੁੰਦਾ ਹੈ। ਟਿਕਾਉ ਵਿੱਚ ਆਉਂਦਾ ਹੈ। ਉਥੇ ਇਕਾਗਰਤਾ ਆਉਣ ਨਾਲ ਗੁਰਬਾਣੀ ਹਿਰਦੇ ਦੀਆਂ ਧੁਰ ਅੰਦਰਲੀਆਂ ਡੂਘਾਈਆਂ ਤਕ ਅਪੜ ਜਾਂਦੀ ਹੈ। ਉਨ੍ਹਾਂ ਡੂਘਾਈਆਂ ਤਕ ਜਿਨਾਂ ਵਿਚੋਂ ਇਹ ਉਪਜੀ ਹੈ। ਤੇ ਜਿਨਾ ਡੂਘਾਈਆਂ ਦਾ ਇਹ ਵਿਸਾ ਹੈ ਇਨਾ ਡੂੰਘਾਈਆਂ ਵਿੱਚ ਅਪੜਣ ਤੋ ਬਿਨਾਂ ਇਹ ਕੰਨਾਂ ਦਾ ਵਿਸ਼ਾ ਤੇ ਕੰਨ ਰਸ ਬਣ ਕੇ ਰਹਿ ਜਾਵੇਗੀ। ਅਨੁਭਵ ਅਤੀਤ ਤਕ ਨਹੀਂ ਪਹੁੰਚੇਗੀ। ਇਸ ਲਈ ਤਨ ਮਨ ਤੇ ਸਰੀਰ ਦੀਆਂ ਸਾਰੀਆਂ ਬਿਰਤੀਆਂ ਦੀ ਇਕਾਗਰਤਾ ਦੀ ਜ਼ਰੂਰਤ ਹੈ ਤੇ ਇਹ ਇਕਾਗਰਤਾ ਸੰਗੀਤ ਮਈ ਕੀਰਤਨ ਵਿੱਚ ਜੁੜਣ ਨਾਲ ਹੀ ਆ ਸਕਦੀ ਹੈ। ਜਦ ਗੁਰਬਾਣੀ ਦਾ ਇਸ ਇਕਾਗਰਤਾ ਦੁਆਰਾ ਹਿਰਦੇ ਨਾਲ ਸਿੱਧਾ ਸਬੰਧ ਸਮਾਪਤ ਹੁੰਦਾ ਹੈ. ਤਾਂ ਗੁਰੂ ਅਮਰ ਦਾਸ ਦੇ ਕਥਨ ਅਨੁਸਾਰ ਦਸਵਾਂ ਦੁਆਰ ਦਿਸ ਪੈਂਦਾ ਹੈ। ਹਰਿ ਪ੍ਰਭੂ ਨਾਲ ਮਿਲਾਪ ਲਈ ਰਾਹ ਬਣ ਜਾਂਦਾ ਹੈ।

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ।

(ਰਾਮਕਲੀ ਮ. ੩, ਅਨੰਦੁ)

ਕੀਰਤਨ ਦੁਆਰਾ ਜਦ ਗੁਰਬਾਣੀ ਹਿਰਦੇ ਦੀਆਂ ਧੁਰ ਅੰਦਰਲੀਆਂ ਡੂੰਘਾਈਆਂ ਤਕ ਅਪੜਦੀ ਹੈ ਤਾਂ ਸੁਰਤਿ ਮਤ ਮਨ ਤੇ ਬੁਧੀ ਦੀ ਗੁਰਬਾਣੀ ਅਨੁਸਾਰ

ਨਵੀ ਘਾੜਤ ਘੜੀ ਜਾਂਦੀ ਜੀਵਨ ਦਾ ਆਸਾ ਤੇ ਉਦੇਸ਼ ਗੁਰਬਾਣੀ ਦੇ ਆਸ਼ੇ ਅਨੁਸਾਰ ਬਦਲ ਜਾਂਦਾ ਹੈ ਅਤੇ ਮਨੁੱਖ ਗੁਰੂ ਵਲੋ ਦਸੇ ਮਾਰਗ ਉਤੇ ਪੈ ਕੇ ਗੁਰਮੁੱਖ ਬਣਦਾ ਹੋਇਆ ਅਪਣੇ ਜੀਵਨ ਦੇ ਸਚੇ ਤੇ ਛੇਕੜਲੇ ਨਿਸ਼ਾਨੇ ਗੋਬਿੰਦ ਮਿਲਣ ਵੱਲ ਰੁਚਿਤ ਹੋ ਜਾਂਦਾ ਹੈ। ਇਹ ਹੀ ਹੈ ਗੁਰਬਾਣੀ ਦਾ ਅੰਮ੍ਰਿਤ ਤੇ ਇਹ ਹੀ ਹੈ ਇਸਦਾ ਪ੍ਰਤੱਗ ਗੁਰੂ ਰੂਪ:

ਬਾਣੀ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ

ਗੁਰਬਾਣੀ ਕਹੈ ਸੇਵਕ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਨਟ ਮ: ੪, ਪੰਨਾ 982)

ਇਸ ਇਕਾਗਰਤਾ ਦਾ ਸਭ ਤੋ ਕਾਰਗਰ ਤੇ ਸਭ ਤੋਂ ਸੌਖਾ ਤਰੀਕਾ ਕੀਰਤਨ ਵਿੱਚ ਜੁੜਨਾ ਹੈ। ਕੀਰਤਨ ਸੰਬੰਧੀ ਇਕ ਵਿਸ਼ੇਸ਼ ਭੁਲੇਖੇ ਤੋਂ ਸਾਵਧਾਨ ਕਰਨ ਲਈ ਮੈਂ ਇਕ ਚਿਤਾਵਨੀ ਦੇਣੀ ਜਰੂਰੀ ਸਮਝਦਾ ਹਾਂ ਕੁਝ ਲੋਕ ਢੋਲਕੀ ਛੇਣਿਆ ਖੜਤਾਲਾਂ ਚਿਮਟੇ ਤੇ ਹੋਰ ਕਈ ਪ੍ਰਕਾਰ ਦੇ ਸਾਜਾਂ ਨੂੰ ਜ਼ੋਰ ਜ਼ੋਰ ਦੀ ਵਜਾਂਦਿਆਂ ਹੋਇਆ ਇਕ ਤਾਲ ਮਈ ਰੌਲੇ ਦਾ ਵਾਤਾਵਰਨ ਪੈਦਾ ਕਰਦੇ ਹਨ। ਇਸਦੇ ਨਾਲ ਹੀ ਚੋਖੀ ਉਚੀ ਆਵਾਜ ਵਿੱਚ ਇਕ ਹੀ ਸ਼ਬਦ ਜਾਂ ਦੋ ਤਿੰਨ ਸ਼ਬਦਾਂ ਉਤੇ ਆਧਾਰਤ ਇੱਕ ਤੁਕ ਟੋਟਾ ਘੜੀ ਮੁੜੀ ਦੁਹਰਾਂਦੇ ਨੱਕ ਜਾਂ ਸੰਘ ਵਿਚੋਂ ਸਾਹ ਦੇ ਆਉਣ ਜਾਣ ਨਾਲ ਅਜੀਬ ਜਿਹੀਆਂ ਆਵਾਜਾਂ ਕਢਦੇ ਹਨ। ਇਸ ਨਾਲ ਆਮ ਤੌਰ ਤੇ ਮਨੁੱਖ ਦੀਆਂ ਚੇਤੰਨ ਬਿਰਤੀਆਂ ਸੁੰਨ ਹੋ ਜਾਂਦੀਆਂ ਹਨ ਤੇ ਲੋਕ ਇਸਦੇ ਤਾਲ ਨਾਲ ਕੰਨ ਰਸ ਦੇ ਵੇਗ ਵਿੱਚ ਝੂਮਣ ਲੱਗ ਪੈਦੇ ਹਨ। ਕੁਝ ਲੋਕ ਖਾਸ ਕਰਕੇ ਗੈਰ ਸਿੱਖ ਉਨਾਂ ਦੇ ਆਪਣੇ ਤਥਾਂ ਕਥਿਤ ਕੀਰਤਨ ਵੇਲੇ) ਇਸਦੇ ਤਾਲ ਨਾਲ ਤਾਲੀਆਂ ਵਜਾਂ ਕੇ ਇਸ ਰੋਲੇ ਵਿੱਚ ਹੋਰ ਵਾਧਾ ਕਰਦੇ ਹਨ। ਝੂਮਦੇ ਹੋਏ ਨੱਚਣ ਲੱਗ ਪੈਂਦੇ ਹਨ। ਮੂੰਹ ਵਿਚੋਂ ਨਿਕਲਦੀ ਜ਼ੋਰ ਜ਼ੋਰ ਨਾਲ ਗਾਈ ਜਾਂਦੀ ਤੁਕ ਜਾਂ ਸ਼ਬਦ ਦੀ ਆਵਾਜ਼ ਦੇ ਨਾਲ ਨਾਲ ਸਿਰ ਮਾਰਦੇ ਹਨ ਤੇ ਕੁਝ ਹੋਰ ਲੋਕ ਇਸ ਲੋਰ ਵਿੱਚ ਆਕੇ ਉਚੀ ਉਚੀ ਕੂਕਾਂ ਜਿਹੀਆਂ ਛਡਣ ਲੱਗ ਪੈਂਦੇ ਹਨ। ਨਾਂਦੇੜ ਵਿੱਚ ਵਣਜਾਰਾ ਲੋਕ ਗੁਰਬਾਣੀ ਦੇ ਕੀਰਤਨ ਵੇਲੇ ਟੋਲੀਆਂ ਬਣਾਕੇ ਸਾਜ਼ਾਂ ਦੇ ਤਾਲ ਨਾਲ ਸਮੂਹ ਨਾਚ ਕਰਦੇ ਹਨ। ਇਹ ਸਾਰੇ ਲੋਕ ਇਸ ਤਰਾਂ ਜ਼ਾਹਿਰ ਕਰਦੇ ਹਨ ਜਿਵੇਂ ਉਹ ਸਰੋਦ ਜਾਂ ਵਜਦ ਵਿੱਚ ਆ ਗਏ ਹੋਣ।

ਕੀਰਤਨ ਦਾ ਮੰਤਵ ਤਾਂ ਸਰੀਰ ਤੇ ਮਨ ਦੀਆਂ ਸਾਰੀਆਂ ਭਾਵਨਾਵਾਂ ਨੂੰ ਠੰਢਾ ਤੇ ਇਕਾਗਰ ਕਰਕੇ ਟਿਕਾਉ ਸੰਜਮ ਤੇ ਸਹਿਜ ਵਿੱਚ ਲਿਆਉਣਾ ਹੈ। ਇਸ ਪ੍ਰਕਾਰ ਦਾ ਲੈਅਮਈ ਰੌਲਾ ਇਸ ਨਿਸ਼ਾਨੇ ਤੋਂ ਨਾ ਕੇਵਲ ਖੁੰਝ ਹੀ ਜਾਂਦਾ ਹੈ ਸਗੋਂ ਇਸ ਤੋਂ ਬਹੁਤ ਦੂਰ ਲੈ ਜਾਂਦਾ ਹੈ। ਸਹਿਜ ਨਾ ਕੇਵਲ ਗੁਰਬਾਣੀ ਦੀ ਡਸਿਪਲਨ ਹੀ ਹੈ ਸਗੋਂ ਮਨ ਨੂੰ ਆਵੇਸ਼ ਤੇ ਬਚਾਉ ਤੋਂ ਰੋਕ ਕੇ ਅਡੋਲ ਯਾਨੀ ਸਹਿਜ ਅਵਸਥਾ ਵਿੱਚ ਲਿਆਉਣਾ ਇਸਦਾ ਨਿਸ਼ਾਨਾ ਵੀ ਹੈ। ਕਿਉਂਕਿ ਸਹਿਜ ਵਿੱਚ ਪਹੁਚਿਆ ਮਨ ਹੀ ਸਹਿਜੇ ਸਹਿਜ ਮਿਲਾਇਦਾ ਦੇ ਟੀਚੇ ਨੂੰ ਪਾ ਸਕਦਾ ਹੈ।

ਚੇਤੰਨ ਬਿਰਤੀਆਂ ਦੇ ਸੁੰਨ ਹੋਣ ਤੇ ਸਾਜ਼ਾਂ ਦੇ ਤਾਲਮਈ ਰੌਲੇ ਵਰਗੀ ਥੱਪ ਥੱਪ ਤੇ ਛਣਕਾਰ ਨਾਲ ਝੂਮਣਾ ਨਾ ਤਾਂ ਕੀਰਤਨ ਹੀ ਹੈ ਤੇ ਨਾ ਹੀ ਉਹ ਵਿਸਮਾਈ ਤੇ ਪਰਾ-ਅਨੁਭਵੀ ਅਵਸਥਾ, ਜੋ ਆਤਮਾ ਨੂੰ ਉਨ੍ਹਾਂ ਉਚੇਰੀਆਂ ਪਧਰਾਂ ਉਤੇ ਲੈ ਜਾਂਦੀ ਹੈ, ਜੋ ਅਨੁਭਵ ਅਤੀਤ ਦਾ ਮੰਡਲ ਹੈ ਜਿਥੇ ਕੇਵਲ ਸਹਿਜ ਤੇ ਸੰਜਮ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ। (ਚਲਦਾ)

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

ਡਾ. ਜਾਗੀਰ ਸਿੰਘ

*ਮਾਰਚ,1993 ਅੰਕ ਤੋਂ ਅੱਗੇ*

ਰਾਗ ਕੇਦਾਰਾ:-

ਇਸ ਰਾਗ ਦੀ ਬਾਣੀ ਵਿੱਚ ਪਰਮਾਤਮਾ ਦੇ ਪ੍ਰੇਮ ਨਾਲ ਸੰਬੰਧਿਤ ਭਾਵਾਂ ਨੂੰ ਪ੍ਰਗਟਾਇਆ ਗਿਆ ਹੈ

ਮਾਈ ਸੰਤ ਸੰਗ ਜਾਗੀ।
ਪ੍ਰਿਆ ਰੰਗ ਦੇਖੇ ਜਪਤੀ ਨਾਮੁ ਨਿਧਾਨੀ।। ਰਹਾਉ।।
ਦਰਸਨ ਪਿਆਸ ਲੋਚਨ ਤਾਰ ਲਾਗੀ।
ਬਿਸਰੀ ਤਿਆਸ ਬਿਡਾਨੀ।[24]
ਪ੍ਰਿਆ ਕੀ ਪ੍ਰੀਤ ਪਿਆਰੀ।
ਮਗਨ ਮਨੇ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ।[25]

ਕੇਦਾਰਾ ਰਾਗ ਵਿੱਚ ਇਹਨਾਂ ਭਾਵਾਂ ਦਾ ਪ੍ਰਗਟਾਵਾ ਰਾਗ ਦੀ ਬਿਰਤੀ ਦੇ ਅਨੁਕੂਲ ਹੋਇਆ ਹੈ। ਕਿਉਂਕਿ ਇਸ ਰਾਗ ਵਿੱਚ ਮਧਮ ਸੁਰ ਵਾਦੀ ਹੈ ਇਸ ਲਈ ਇਹ ਸ਼ਿੰਗਾਰਕ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਈ ਹੁੰਦਾ ਹੈ।

ਕਿਤੇ ਕਿਤੇ ਇਸ ਰਾਗ ਦੀ ਬਾਣੀ ਵਿੱਚ ਪ੍ਰਭੂ-ਪਿਆਰ ਪਿਤਾ-ਪੁਤਰ ਹੈ ਰਿਸ਼ਤੇ ਰਾਹੀਂ ਪ੍ਰਗਟ ਕੀਤਾ ਗਿਆ ਹੈ —

ਹਮ ਬਾਰਿਕ ਹਰਿ ਪਿਤਾ ਪ੍ਰਭ ਮੋਰੇ ਮੋ ਕਉ ਦੇਹੁ ਮਤੀ ਜਿਤ ਹਰਿ ਪਾਵੀਐ ਹੇ।
ਜਿਉ ਬਛੁਰਾ ਦੇਖਿ ਗਊ ਸੁਖੁ ਮਾਨੇ ਤਿਉ ਨਾਨਕ ਹਰਿ ਗਲਿ ਲਾਵੀਐ ਹੇ।[26]

ਗੁਰੂ ਕਵੀ ਇਸ ਰਾਗ ਵਿੱਚ ਪ੍ਰਗਟਾਏ ਇਹਨਾਂ ਭਾਵਾਂ ਅਤੇ ਰਾਗ ਦੀ ਸਾਂਝ ਤੋਂ ਚੇਤਨ ਪ੍ਰਤੀਤ ਹੁੰਦੇ ਹਨ ਕਿਉਂਕਿ ਕਈ ਵਿਦਵਾਨਾ ਨੇ ਇਸ ਰਾਗ ਨਾਲ ਵਾਤਸਲਿਆ ਭਾਵ ਨੂੰ ਵੀ ਸੰਬੰਧਤ ਕੀਤਾ ਹੈ।[27]

ਰਾਗ ਭੈਰਉ:-

ਇਸ ਰਾਗ ਵਿੱਚ ਰਚੀ ਬਾਣੀ ਦੀ ਪ੍ਰਕ੍ਰਿਤੀ ਗੰਭੀਰ ਹੈ। ਇਸ ਵਿੱਚ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ:-

ਪ੍ਰਥੀ ਛੋਡੀ ਪਰਾਈ ਨਿੰਦਾ।
ਉਤਰਿ ਗਈ ਸਭ ਮਨ ਕੀ ਚਿੰਦਾ।[28]

-------

ਸੁਖ ਨਹੀਂ ਬਹੁਤੈ ਧਨਿ ਖਾਟੇ।
ਸੁਖ ਨਹੀਂ ਪੇਖੇ ਨਿਰਤਿ ਨਾਟੇ।
ਸੁਖ ਨਹੀਂ ਬਹੁ ਦੇਸ ਕਮਾਏ।
ਸਰਬ ਸੁਖਾ ਹਰਿ ਹਰਿ ਗੁਣ ਗਾਏ।[29]

ਮਨੁੱਖ ਦੀ ਰਸਾਤਲ ਵਾਲੀ ਅਵਸਥਾ ਨੂੰ ਕਰੁਣਾ ਭਰੇ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ

ਭਵਜਲ ਬਿਨ ਸਬਦੇ ਕਿਉ ਤਰੀਐ।
ਨਾਮ ਬਿਨਾ ਜਗ ਰੋਗਿ ਬਿਆਪਿਆ ਦੁਬਿਧਾ ਡੁਬ ਡੁਬ ਮਰੀਐ।[30]

-------

ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ।[31]

-------

ਦੂਬਿਧ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ।[32]

-------

ਜੋ ਜੋ ਦੀਸੈ ਸੋ ਸੋ ਰੋਗੀ।[33]

ਰਾਗ ਭੈਰਉ ਵਿੱਚ ਰਿਸ਼ਭ ਅਤੇ ਧੈਵਤ ਸੁਰ ਕੋਮਲ ਰੂਪ ਵਿੱਚ ਲਾਏ ਜਾਂਦੇ ਹਨ। ਇਸ ਲਈ ਇਸ ਰਾਗ ਵਿੱਚ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਦੀ ਸਮਰਥਾ ਹੈ। ਇਸ ਰਾਗ ਦੀ ਬਾਣੀ ਵਿੱਚ ਗੁਰੂ ਕਵੀਆਂ ਨੇ ਮਨ ਨੂੰ ਸਬੰਧਨ ਕਰਕੇ ਵੀ ਉਪਦੇਸ਼ ਦਿੱਤਾ ਹੈ:-

ਮਨ ਹੈ ਰਾਮ ਭਗਤਿ ਰਿਤ ਲਾਈਐ।[34]

-------

ਮੇਰੇ ਮਨ ਹਰਿ ਭਜੁ ਨਾਮੁ ਨਰਾਇਣ।[35]

ਇਸ ਰਾਗ ਦੀ ਬਾਣੀ ਵਿੱਚ ਅਜੇਹੇ ਉਪਦੇਸ਼ ਦਿੱਤੇ ਜਾਣੇ ਰਾਗ ਭੇਰਉ ਦੀ ਪ੍ਰਕ੍ਰਿਤੀ ਦੇ ਅਨੁਕੂਲ ਹਨ ਕਿਉਂਕਿ ਪ੍ਰਸਿਧ ਸੰਗੀਤਕਾਰ ਪੰਡਤ ਰਵੀ ਸ਼ੰਕਰ ਦਾ ਵਿਚਾਰ ਹੈ ਕਿ ਭੈਰਵ ਰਾਗ ਦੇ ਗਾਇਨ ਨਾਲ ਮਨੁੱਖ ਦੀ ਚੰਚਲ ਬਿਰਤੀ ਭਗਤੀ ਭਾਵ ਵਾਲੀ ਹੋ ਜਾਂਦੀ ਹੈ।[36] ਭੈਰਵ ਰਾਗ ਸਵੇਰ ਵੇਲੇ ਗਾਏ ਜਾਣ ਵਾਲਾ ਰਾਗ ਹੈ। ਇਸ ਲਈ ਕੁਦਰਤੀ ਹੈ ਕਿ ਗੁਰੂ ਸਾਹਿਬ 'ਜਾਗਣਾ' ਦਾ ਉਪਦੇਸ਼ ਇਸ ਰਾਗ ਰਾਹੀਂ ਹੀ ਦੇਣ—

ਰਾਮ ਰਸਾਇਣ ਨਿਤ ਉਨਿ ਪਵਿਹੁ।

ਹਰਿ ਹਰਿ ਹਰਿ ਹਰਿ ਰਸਨਾ ਕਹਹੁ।[37]

-------

ਕਹਤ ਨਾਨਕ ਜਨ ਜਾਗੇ ਸੋਇ।

ਗਿਆਨ ਅੰਜਨ ਜਾ ਕੀ ਨੇਤ੍ਰੀ ਹੋਇ।[38]

-------

ਇਸ ਤਰ੍ਹਾਂ ਰਾਗ ਭੈਰਉ ਦੀ ਬਾਣੀ ਵਿੱਚ ਭਾਵ ਅਤੇ ਰਾਗ ਦਾ ਬਾ ਨੇੜਲਾ ਸੰਬੰਧ ਦ੍ਰਿਸਟੀਗੋਚਰ ਹੁੰਦਾ ਹੈ।

ਰਾਗ ਬਸੰਤ:-

ਰਾਗ ਬਸੰਤ ਦੀ ਬਾਣੀ ਵਿੱਚ ਬਸੰਤ ਰੁੱਤ ਨਾਲ ਸੰਬੰਧਤ ਸ਼ਬਦਾਵਲੀ ਰਾਹੀਂ ਖੁਸ਼ੀ ਦੇ ਭਾਵ ਪ੍ਰਗਟਾਏ ਗਏ ਹਨ। ਸ ਬਾਣੀ ਦੇ ਅਲੰਕਾਰ ਚਿੰਨ ਪ੍ਰਤੀਕ, ਰੂਪਕ ਉਪਮਾਵਾਂ, ਬਿੰਬ ਆਦਿ ਬਸੰਤ ਰੁੱਤ ਦੇ ਵਾਤਾਵਰਣ ਨੂੰ ਪ੍ਰਗਟ ਕਰਦੇ ਹਨ

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ।<br>ਪਰਫੜ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ।[39]

ਬਨਸਪਤਿ ਮਉਲੀ ਚੜਿਆ ਬਸੰਤ[40]

-------

ਬਸੰਤ ਚੜਿਆ ਫੂਲੀ ਬਨਰਾਇ।[41]

ਇਸ ਰਾਗ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਬਸੰਤ ਰੁਤ ਨਾਲ ਸਬੰਧਤ ਹੈ। ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਚਿਤਰਣ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਂਦਾਂ ਹੈ।[42] ਇਸ ਰਾਗ ਦੀ ਬਾਣੀ ਜਿਥੇ ਖੇੜੇ ਦੇ ਵਾਤਾ ਵਰਣ ਨੂੰ ਪੇਸ਼ ਕਰਦੀ ਹੈ ਉਥੇ ਕਿਤੇ ਕਿਤੇ ਸ਼ਾਂਤ ਅਤੇ ਕਰੁਣ ਭਾਵ ਦੀਂ ਉਦਾਹਰਨਾਂ ਵੀ ਮਿਲ ਜਾਂਦੀਆਂ ਹਨ—

ਸਾਧੋ ਇਹੁ ਤਨੁ ਮਿਥਿਆ ਜਾਨਉ।
ਯਾ ਭੀਤਰਿ ਜੋ ਰਾਮ ਬਸਤੁ ਹੈ ਸਾਚੋ ਤਾਹਿ ਪਛਾਨੋ।[43]

-------

ਪਾਪੀ ਹੀਐ ਮੈ ਕਾਮੁ ਬਸਾਇ।
ਮਨੁ ਚੰਚਲ ਯਾ ਤੇ ਗਹਿਓ ਨ ਜਾਇ।
ਜੋਗੀ ਜੰਗਮ ਅਰ ਸੰਨਿਆਸ।
ਸਭ ਹੀ ਪਰ ਡਾਰੀ ਇਹ ਫਾਸ।[44]

ਇਸ ਰਾਗ ਵਿੱਚ ਇਹਨਾਂ ਭਾਵਾਂ ਦਾ ਪ੍ਰਗਟ ਹੋਣਾ ਵੀ ਅਣਉਚਿਤ ਨਹੀਂ ਕਿਉਂਕਿ ਇਸ ਰਾਗ ਵਿੱਚ ਲਗੱਣ ਵਾਲੇ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਇਸ ਨੂੰ ਕਰੁਣ ਅਤੇ ਸ਼ਾਂਤ ਭਾਵ ਪ੍ਰਗਟ ਕਰਨ ਦੇ ਕਾਬਿਲ ਬਣਾ ਦਿੰਦੇ ਹਨ।

ਸੋ ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਦੇ ਬਾਵ ਇੱਕ ਅਨੁਕੂਲ ਰਾਗ ਰਾਹੀਂ ਪ੍ਰਗਟ ਕੀਤੇ ਗਏ ਹਨ।

ਰਾਗ ਸਾਰੰਗ:-

ਇਸ ਰਾਗ ਦੀ ਬਾਣੀ ਵਿੱਚ ਚਾਤ੍ਰਿਕ ਅਤੇ ਮਹਿ ਦੇ ਪ੍ਰਤੀਕ ਰਾਹੀਂ ਪ੍ਰਭੂ ਦਦੇ ਦਰਸ਼ਨਾਂ ਦੀ ਪਿਆਸ ਅਤੇ ਤਰਸ਼ਨ ਹੋਣ ਤੇ ਮਹਿ ਵਰਨ ਵਾਲੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਜਬ ਲਗੁ ਦਰਸ ਨ ਪਰਸੈ ਪ੍ਰੀਤਮ ਤਬ ਲਗ ਭੂਖ ਪਿਆਸੀ।
ਦਰਸਨ ਦੇਖਤ ਹੀ ਮਨੁ ਨਾਨਿਆ ਜਲ ਰਸਿ ਕਮਲ ਬਿਗਾਸੀ।[45]

ਦਰਸਨ ਦੇਖਤ ਹੀ ਮਨੁ ਣਾਨਿਆ ਜਲ ਰਸਿ ਕਮਲ ਬਿਗਾਸੀ।[45]

-------

ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨ ਕਦਿ ਪਾਉ।[46]

-------

ਪ੍ਰਭ ਦਇਆਨ ਮੋਹਿ ਗ੍ਰਿਹ ਮਹਿ ਪਾਇਆ

ਜਨ ਨਾਨਕ ਤਪਤਿ ਬੁਝਾਈ।[47]

'ਸਾਰੰਗ' ਸ਼ਬਦ ਦਾ ਅਰਥ ਚਾਤ੍ਰਿਕ ਜਾਂ ਪਪੀਹਾ ਹੁੰਦਾ ਹੈ। ਇਸ ਲਈ ਪਿਆਸ ਅਤੇ ਜਲ ਰਾਹੀਂ ਭਾਵਾਂ ਦਾ ਪ੍ਰਗਟਾ ਇਸ ਰਾਗ ਵਿੱਚ ਕੀਤਾ ਜਾਣਾ ਕੁਦਰਤੀ ਹੈ। ਇਸ ਰਾਗ ਦੀ ਬਾਣੀ ਵਿੱਚ ਬਰਖਾ ਰੁਤ ਨਾਲ ਸੰਬੰਧਤ ਭਾਵ ਵੀ ਪ੍ਰਗਟ ਹੋਏ ਹਨ। ਇਹ ਭਾਵ ਇਸ ਰਾਗ ਦੇ ਬਰਖਾ ਰੁਤ ਨਾਲ ਸੰਬੰਧਤ ਹੋਣ ਵੱਲ ਸੰਕੇਤ ਕਰਦੇ ਹਨ

ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੇ

ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੇ।[48]

-------

ਸਾਵਣ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ।[49]

-------

ਵੂਠੇ ਮੇਘ ਸੁਹਾਵਣੇ ਹੁਕਮ ਕੀਤਾ ਕਰਤਾਰ।[50]

ਉਪਰੋਕਤ ਬਾਵਾਂ ਤੋਂ ਬਿਨਾਂ ਕਿਤੇ ਕਿਤੇ ਇਸ ਰਾਗ ਵਿੱਚ ਮੁਨੁੱਖ ਦੀ ਰਸਸਾਤਲੀ ਦਸ਼ਾ ਨੂੰ ਬਿਆਨ ਕੀਤਾ ਗਿਆ ਹੈ—

ਅਬ ਪੂਛੈ ਕਿਆ ਕਿਹਾ।
ਲੈਨੋ ਨਾਮ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ।
ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ।[51]

ਇਹ ਭਾਵ ਸ਼ਾਇਦ ਇਸ ਲਈ ਪ੍ਰਗਟ ਹੋਏ ਹਨ ਕਿਉਂਕਿ ਕੁਝ ਵਿਦਵਾਨਾਂ ਨੇ ਸਾਰੰਗ ਰਾਗ ਨੂੰ ਕਰੁਣ ਭਾਵ ਨਾਲ ਵੀ ਸੰਬੰਧਤ ਕੀਤਾ ਹੈ।[52]

ਰਾਗ ਮਲਾਰ:-

ਇਸ ਰਾਗ ਦੀ ਬਾਣੀ ਵਿੱਚ ਵੀ ਬਰਖਾ ਰੁਤ ਨਾਲ ਸੰਬੰਧਤ ਵਾਤਾਵਰਣ ਚਿਤਰਦਿਆਂ ਕਈ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਕਿਉਂਕਿ ਇਹ ਰਾਗ ਬਰਖਾ

ਰੁਤ ਵਿੱਚ ਹਰ ਸਮੇਂ ਗਾਇਆ ਜਾਂਦਾ ਹੈ।[53] ਮੀਹ ਲਈ ਜਾਚਨਾ ਅਤੇ ਉਸਦੇ ਵਰ੍ਹਨ ਉਤੇ ਖੁਸ਼ੀ ਦਾ ਪ੍ਰਗਟਾਵਾ ਇੰਜ ਕੀਤਾ ਹੈ—

ਬਰਸ ਘਨਾ ਮੇਰਾ ਮਨੁ ਭੀਨਾ।
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰ ਮੋਹੀ ਮਨੁ ਹਰਿ ਰਸਿ ਲੀਨਾ।[54]

-------

ਬਰਸ ਮੇਘ ਜੀ ਤਿਲੁ ਬਿਲਮ ਨ ਲਾਉ।
ਬਰਸ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ।[55]

-------

ਪਰਮੇਸਰ ਹੋਆ ਦਇਆਲੁ।।
ਮੇਘੁ ਵਰਸੈ ਅੰਮ੍ਰਿਤਧਾਰ।।[56]

ਸਾਵਣ ਦੇ ਮਹੀਨੇ ਵਿੱਚ ਦੁਹਾਗਣ ਅਤੇ ਸੁਹਾਗਣ ਇਸਤਰੀ ਦੀ ਸਥਿਤੀ ਦਾ ਵਰਣਨ—

ਸਾਵਣੁ ਆਇਆ ਹੈ ਸਖੀ ਕੰਤੈ ਚਿਤਿ ਕਰੇਹੁ।
ਨਾਨਕ ਝਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ।[57]

ਮਹਿ ਵਾਸਤੇ ਤਰਸਦੇ ਬੀਬਹੇ ਨੂੰ ਉਪਦੇਸ ਬੜਾ ਮਾਰਮਿਕ ਹੈ—

ਬਾਬੀਹਾ ਨਾ ਬਿਲਲਾਇ ਨਾ ਤਰਸਾਇ ਲੇਹੁ ਮਨੁ ਖਸਮ ਕਾ ਹੁਕਮੁ ਮੰਨਿ।
ਨਾਨਕ ਹੁਕਮਿ ਮੀਲਿਐ ਤਿਖ ਉਤਰੇ ਚੜੇ ਚਵਗਲਿ ਵੰਨੁ।[58]

ਕਈ ਥਾਵਾਂ ਤੇ ਨਿਰੋਲ ਵਿਜੋਕ ਦੇ ਭਾਵਾਂ ਦਾ ਚਿਤਰਣ ਮਿਲਦਾ ਹੈ—

ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ।
ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਨਾਲੂ ਬਸਾਈ।[59]

ਵਿਜੋਗ ਦਾ ਇਹ ਅਨੁਭਵ ਵੀ ਮਲਾਰ ਰਾਗ ਵਿੱਚ ਪ੍ਰਗਟ ਹੋਣਾ ਅਣਉਚਿਤ ਨਹੀਂ ਕਿਉਂਕਿ ਮਲਾਰ ਰਾਗ ਵਿੱਚ ਪੰਚਮ ਵਾਦੀ ਸੁਰ ਹੈ ਇਸ ਲਈ ਭਰਤ ਦੇ ਸੰਗੀਤ ਸਿਧਾਂਤ ਅਨੁਸਾਰ ਇਹ ਰਾਗ ਵਿਜੋਕਾ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਇਕ ਹੁੰਦਾ ਹੈ।[60] ਇਸ ਤਰ੍ਹਾਂ ਰਾਗ ਮਲਾਰ ਵਿੱਚ ਦਰਜ ਬਾਣੀ ਦਾ ਭਾਵ ਰਾਗ ਮਲਾਰ ਦੇ ਅਨੁਕੂਲ ਹੈ।

# ਹਵਾਲੇ


26. ਗੁਰੂ ਅਰਜਨ ਦੇਵਂ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1118

27 ਡਾ. ਦਿਨੇਸ਼ ਚੰਦਰ ਗੁਪਤਾ, ਭਗਤੀ ਕਾਵਯ ਮੇਂ ਰਾਗ ਔਰ ਰਸ — ਪੰਨਾ - 159

28. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1147

29. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1147

30. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1125

31. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1126

32. ਗੁਰੂ ਅਮਰਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1130

33. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1140

34. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1125

35. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1134

36. ਸੰਗੀਤ(ਪ੍ਰਤਕਾ) ਅਪ੍ਰੈਲ 1953 ਹਵਾਲਾ ਕ੍ਰਿਸ਼ਨ ਕਾਲੀਨ ਭਗਤੀ ਕਾਵਯ ਮੇਂ ਸੰਗੀਤ — ਪੰਨਾ - 226

37. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1138

38. ਗੁਰੂ ਅਮਰਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1128

39. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1168

40. ਗੁਰੂ ਅਮਰਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1176

41. ਗੁਰੂ ਰਾਮ ਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1177

42. ਅਹੋਬਲ, ਸੰਗੀਤ ਪਾਰਿਜਾਤ — ਪੰਨਾ - 127

43. ਗੁਰੂ ਤੇਗ ਬਹਾਦੁਰ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1186

44. ਗੁਰੂ ਤੇਗ ਬਹਾਦੁਰ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1186

45. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1197

47. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1202

47. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1207


---

**ਸ਼ੁਭ ਇੱਛਾਵਾਂ ਸਹਿਤ**

48. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1197
49. ਗੁਰੂ ਰਾਮ ਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1250
50. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1251
51. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1203
52. ਡਾ. ਉਸ਼ਾ ਗੁਪਤ, ਕ੍ਰਿਸ਼ਨ ਕਾਲੀਨ ਭਗਤੀ ਸਾਹਿਤਯ ਮੇਂ ਸੰਗੀਤ — ਪੰਨਾ - 221
53. ਪੰਡਤ ਵਿਨਾਇਕ ਨਰਾਇਣ ਪਟਵਰਧਨ, ਰਾਗ ਵਿਗਿਆਨ (ਤੀਜਾ ਭਾਗ) — ਪੰਨਾ - 1-2
54. ਗੁਰੂ ਨਾਨਕ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1254
55. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1268
56. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1271
57. ਗੁਰੂ ਅੰਗਦ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1280
58. ਗੁਰੂ ਅਮਰਦਾਸ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1282
59. ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਜੀ — ਪੰਨਾ - 1267
60. ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ — ਪੰਨਾ - 270

# ਆਸਾ ਦੀ ਵਾਰ ਦੀ ਵਿਆਖਿਆ

ਪ੍ਰੇਮ ਸਿੰਘ,
3455/37-ਡੀ, ਚੰਡੀਗੜ

ਅੰਕ ਦਸੰਬਰ 1992 ਤੋਂ ਅੱਗੇ

ਸਲੋਕ - ਨਾਨਕ ਫਿਕੈ ਬੋਲਿਐ ਤਨ ਮਨ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥

ਮਹਲਾ ੧— ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥
ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥
ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ॥
ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥
ਪਰਵਾਹ ਨਾ ਹੀ ਕਿਸੈ ਕੇਰੀ ਬਾਝੁ ਸਚੇ ਨਾਹ॥
ਦਰਿਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ॥
ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹਾਂ ਮੇਲੁ॥
ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥੨॥

ਪਉੜੀ- ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ॥
ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ॥
ਜੋ ਆਇਆ ਸੋ ਚਲਸੀ ਸਭੁ ਕੋ ਈ ਆਈ ਵਾਰੀਐ॥
ਜਿਸ ਕੇ ਜੀਆ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥੨੦॥

ਭਾਵ ਦੂਸਰੇ ਨਾਲ ਫਿਕਾ ਵਾਕ ਉਸਦੀ ਹੇਠੀ ਲਈ ਬੋਲਿਆ ਜਾਂਦਾ ਹੈ। ਪਰ ਉਸ ਨਾਲ ਜੋ ਆਪਣੀ ਹੇਠੀ ਹੁੰਦੀ ਹੈ ਉਸ ਵੱਲ ਧਿਆਨ ਪੁਆਉਂਦੇ ਹਨ ਸਾਹਿਬ ਗੁਰੂ ਨਾਨਕ ਪਾਤਸਾਹ ਆਦਿ ਗੁਰੂ ਗਰੰਥ ਸਾਹਿਬ ਦੇ ਪੰਨੇ ੪੭੩ ਤੇ ਉਪਰੋਕਤ ਸਲੋਕ ਵਿੱਚ। ਹੇ ਨਾਨਕ, ਫਿਕਾ ਬੋਲਣ ਨਾਲ ਤਨ ਤੇ ਮਨ (ਦੁਇ) ਫਿਕੇ ਪੈ ਜਾਂਦੇ ਹਨ॥

ਅਰਥਾਤ ਫਿਕਾ ਬੋਲਿਆ ਤਾਂ ਇਕ ਜੀਭ ਸੀ ਪਰ ਉਸਦਾ ਅਸਰ ਸਾਰੇ ਸਰੀਰ ਅਤੇ ਮਨ ਉਤੇ ਉਦਾਸੀ ਦੇ ਰੂਪ ਵਿੱਚ ਪੈਂਦਾ ਹੈ। ਤਨ ਮਨ ਤੋਂ ਛੁਟ ਸਮਾਜ ਵਿੱਚ ਵੀ ਲੋਕ ਉਸ ਮਨੁੱਖ ਨੂੰ ਫਿਕਾ ਸੱਦਣ ਲਗ ਜਾਂਦੇ ਹਨ। ਤੇ ਉਸ ਫਿਕਾ ਬੋਲਣ ਵਾਲੇ ਨੂੰ ਦਰਗਾਹ ਵਿੱਚ ਵੀ ਢੋਹੀ ਨਹੀਂ ਮਿਲਦੀ ਜੋ (ਜਗਤ ਦੇ ਅਪਜਸ ਤੋ ਛੁਟ ਵਾਹਿਗੁਰੂ ਦੇ ਦਰਬਾਰ ਚੋਂ ਧਕੇ ਪੈਂਦੇ ਹਨ) ਸੋ ਫਿਕਾ ਬੋਲਦਿਆਂ ਕਈ ਵਾਰੀ ਲੜਾਈ ਤੱਕ ਨੌਬਤ ਆ ਪਹੁੰਚਦੀ ਹੈ। ਤੇ ਫਿਰ ਜੁਤੀ ਪੈਜਾਰ ਹੋ ਪੈਂਦੈ ਹਨ। ਤੇ ਫਿਰ ਥਾਣਿਆਂ ਅਦਾਲਤਾਂ ਤਕ ਜਾ ਕੇ ਸਜਾ ਪਾਉਂਦੇ ਹਨ। ਤੇ ਜਗਤ ਵਿਚ ਉਨਾਂ ਨੂੰ ਮੁਰਖ ਆਖਿਆ ਜਾਂਦਾ ਹੈ। ਸੋ ਸਮਾਜ ਤੇ ਧਰਮ ਦੋਹਾਂ ਜਗਾਂਹ ਤੇ ਫਿਕੇ ਮਨੁੱਖ ਨੂੰ ਲਾਹਨਤ ਪੈਂਦੀ ਹੈ। ਦੂਸਰੇ ਸਲੋਕ ਵਿੱਚ ਦਿਖਾਵੈ ਦਾ ਫੈਲਾਉ ਉਚੀ ਸਵਾਰੀ ਰਾਹੀਂ ਹੀ ਰਥਾਂ ਤੇ ਫਿਰ ਰਹੇ ਟੋਲਿਆਂ ਨੂੰ ਸਾਹਿਬ ਉਪਦੇਸ਼ ਦੇ ਕੇ ਸਮਝਾਉਦੇ ਹਨ ਕਿ ਅੰਦਰੋ ਤਾਂ ਝੂਠ ਨਾਲ ਲਗੇ ਹਨ ਤੇ ਦਿਖਾਵੈ ਦੀ ਤੀਰਥ ਯਾਤਰਾ ਇਹ ਇਕ ਅਡੰਬਰ ਰਚਨਾ ਹੀ ਹੈ। ਸੋ ਇਝ ਭਾਵੇਂ ਅਠਾਹਠ ਤੀਰਥ ਨਹਾ ਲੈਣ ਅੰਦਰ ਦੀ ਮੈਲਿ ਇੰਝ ਨਹੀਂ ਉੱਤਰ ਸਕਦੀ। ਸੋ ਜੋ ਮਨੁੱਖ ਬਾਹਰੋਂ ਸਾਦੇ ਤੇ ਅੰਦਰ ਸੱਚ ਧਾਰਨ ਕਰਨ ਵਾਲੇ ਹਨ ਉਹ ਦਿਖਾਵੇ ਦੀ ਤੀਰਥ ਯਾਤਰਾਂ ਬਗੈਰ, ਪ੍ਰੇਮ ਭਗਤੀ ਸਦਕਾ ਤਰ ਸਕਦੇ ਹਨ। ਸੋ ਦਿਖਾਵੇ ਵਾਲੇ ਅਗੇ ਉਸਦੇ ਇਨਸਾਫ ਦਰਬਾਰ ਵਿੱਚ ਸਜ਼ਾ ਦੇ ਪਾਤਰ ਬਨਣਗੇ। ਸੋ ਇਸ ਦੀ ਸੁੰਦਰ ਵਿਆਖਿਆ ਲਵੋ ਪਾਤਸਾਹ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਵਿੱਚ ਸਾਫ ਤੇ ਸਪਸ਼ਟ ਹੈ।

ਤੀਰਥ ਬਰਤਅਰ ਦਾਨੁ ਕਰਿ ਮਨ ਮਹਿ ਧਰੈ ਗੁਮਾਨੁ।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ॥

ਪਉੜੀ ਦੇ ਅੰਤ ਵਿੱਚ ਦਸਿਆ ਹੈ ਕਿ ਸਭ ਨੇ ਇਥੋਂ ਅਖੀਰ ਉਸਦੇ ਦੀਵਾਨ ਭਾਵ ਦਰਗਾਹ ਵਿੱਚ ਪੁਜਣਾ ਹੈ। ਜਿਸ ਮਾਲਕ ਦਾ ਜੀਅ ਤੇ ਪ੍ਰਾਣ ਹੈ ਉਸ ਸਾਹਿਬ ਨੂੰ ਮਨੋ ਨਾ ਵਿਸਾਰਨ ਵਾਲਾ ਸਾਦਾ ਤੇ ਸਿਧਾ ਜੀਵਨ ਬਤਾਉਣ ਵਾਲਾ ਦਰਗਾਹ ਪਰਵਾਨ ਹੋ ਕੇ ਜਨਮ ਮਰਨ ਰਹਿਤ ਹੋ ਸਕਦਾ ਹੈ। ਪਉੜੀ ਦੇ ਅੰਤ ਵਿੱਚ ਖੋਲ ਕੇ ਬਿਆਨ ਕੀਤਾ ਗਿਆ ਹੈ। ਜੋ ਬੀਜੇ ਉਹੀ ਭੁਗਤੇਗਾ) ਕਿਸੇ ਦੀ ਸਿਫਾਰਸ ਨਾਲ ਨਬੇੜਾ ਨਹੀਂ ਹੋ ਸਕਦਾ।

(ਚਲਦਾ)

# ਗੁਰਮਤਿ ਸੰਗੀਤ ਪ੍ਰੇਮੀਆਂ ਨੂੰ ਬੇਨਤੀ

ਗੁਰਮਤਿ ਸੰਗੀਤ ਸੁਸਾਇਟੀ ਪਟਿਆਲਾ ਪਿਛਲੇ 10 ਵਰਿਆਂ ਤੋਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕੀਰਤਨ ਸਮਾਗਮਾਂ ਸੈਮੀਨਾਰਾਂ ਸਨਮਾਨ ਸਮਾਰੋਹਾਂ ਤੇ ਕੀਰਤਨ ਮੁਕਾਬਲਿਆਂ ਦੁਆਰਾ ਨਿਰੰਤਰ ਕਾਰਜਸ਼ੀਲ ਹੈ। ਇਸ ਸੁਸਾਇਟੀ ਦੇ ਉਦਮਾਂ ਸਕਦਾ ਗੁਰਮਤਿ ਸੰਗੀਤ ਨੇ ਸਿਧਾਂਤਕ ਅਤੇ ਕਿਰਆਤਮਕ ਤੌਰ ਤੇ ਵਿਸ਼ੇਸ਼ ਪਹਿਚਾਣ ਬਣਾਈ ਹੈ। ਪਿਛਲੇ ਦੋ ਵਰਿਆਂ ਵਿੱਚ ਗੁਰੂ ਕਿਰਪਾ ਨਾਲ ਵਿਸੇਸ ਪ੍ਰਾਪਤੀ ਵਜੋਂ ਅਸੀ 10 + 1, + 2 ਸ਼੍ਰੇਣੀਆਂ ਵਿੱਚ ਗੁਰਮਤਿ ਸੰਗੀਤ ਨੂੰ ਇਕ ਵਿਸ਼ੇ ਵਜੋਂ ਲਾਗੂ ਕਰਵਾਉਣ ਵਿੱਚ ਸਫਲ ਹੋਏ ਹਾਂ, ਜੋ ਸਾਡੇ ਸਾਰਿਆਂ ਦੀ ਖੁਸ਼ਨਸੀਬੀ ਹੈ। ਸਾਡੀ ਇਹ ਵੀ ਦਿਲੀ ਇਛਾ ਹੈ। ਕਿ ਸਾਡੇ ਗੌਰਵਸ਼ਾਲੀ ਵਿਰਸੇ ਦੀ ਇਸ ਅਹਿਮ ਤੇ ਮਹਾਨ ਪਰੰਪਰਾ ਨੂੰ ਉਚੇਰੀ ਸਿਖਿਆ ਵਿੱਚ ਵੀ ਉਚਿਤ ਸਥਾਨ ਪ੍ਰਾਪਤ ਹੋਵੇ ਕਿਉਂ ਜੋ ਸਾਡੀ ਇਸ ਪਰੰਪਰਾ ਦੀ ਅਉਧ 500 ਵਰਿਆ ਤੋ ਵੱਧ ਹੈ। ਜਿਸਦੀ ਸਥਾਪਤੀ ਲਈ ਗੁਰੂ ਸਾਹਿਬਾਨ ਰਾਗੀਆਂ ਰਬਾਬੀਆਂ ਅਤੇ ਸਿੱਖ ਸੰਗਤਾਂ ਨੇ ਕਿਰਿਆਤਮਕ ਰੂਪ ਵਿੱਚ ਅਹਿਮ ਤੇ ਵਡੇਰਾ ਯੋਗਦਾਨ ਪਾਇਆ ਹੈ। ਪਰ ਦੁਖ ਦੀ ਗੱਲ ਹੈ ਕਿ ਅਸੀਂ ਆਪਣੇ ਇਸ ਵਿਰਸੇ ਦੀ ਸਹੀ ਪਹਿਚਾਣ ਨਹੀਂ ਕੀਤੀ। 'ਰਾਬਿੰਦਰ ਨਾਥ ਟੈਗੋਰ' ਦੇ ਪੈਰੋਕਾਰਾਂ ਨੇ 100 ਸਾਲਾਂ ਤੋਂ ਛੋਟੀ ਪਰੰਪਰਾ ਰਾਬਿੰਦਰਾਂ ਸੰਗੀਤ ਨੂੰ ਸਕੂਲਾਂ ਤੋਂ ਯੂਨੀਵਰਸਿਟੀਆਂ ਤੱਕ ਵਿਦਿਆਆ ਦਾ ਪਕੇਰਾ ਅੰਗ ਬਣਾਇਆ ਹੈ। ਪਰ ਸਾਡੀਆਂ ਅਣਗਹਿਲੀਆਂ ਤੇ ਆਗਿਆਨਤਾ ਵੱਸ ਅਸੀਂ ਇਸ ਪਾਸੇ ਕੋਈ ਵਿਸ਼ੇਸ਼ ਉਦਮ ਨਹੀਂ ਕਰ ਸਕੇ। ਪਿਛਲੇ ਕੁਝ ਸਮੇਂ ਤੋਂ ਯੂਨੀਵਰਸਿਟੀਆਂ ਵਿੱਚ ਇਸ ਸਿਲਸਿਲੇ ਵਿੱਚ ਗੁਰਮਤਿ ਸੰਗੀਤ ਨੂੰ ਵਿਸ਼ੇ ਵਜੋਂ ਲਾਗੂ ਕਰਨ ਬਾਰੇ ਕੁਝ ਯਤਨ ਹੋਣੇ ਸ਼ੁਰੂ ਹੋਏ ਹਨ। ਪਰ ਅਜੇ ਤੱਕ ਕੋਈ ਸਾਰਥਕ ਸਿਟਿਆਂ ਦੀ ਉਪਲਬਧੀ ਨਹੀਂ ਹੋਈ। ਸੋ ਆਪ ਜੀ ਨੂੰ ਬੇਨਤੀ ਹੈ ਕਿ ਵਿਭਿੰਨ ਯੂਨੀਵਰਸਿਟੀਆਂ ਦੇ ਵਾਈਸ ਚਾਸਲਰਾਂ ਪ੍ਰੋ ਵਾਈਸ ਚਾਸਲਰਾਂ ਉੱਚ ਅਧਿਕਾਰੀਆਂ ਤੇ ਵਿਦਵਾਨਾਂ ਨੂੰ ਆਪਣੇ ਵਿਰਸੇ ਦੀ ਪਹਿਚਾਣ ਲਈ ਹੇਠ ਲਿਖੇ ਅਨੁਸਾਰ ਦਿਸਾ ਬੱਧ ਕਰਨ ਲਈ ਪ੍ਰੇਰਨਾਂ ਕਰੋ ਅਤੇ ਹਰ ਇਕ ਮੰਚ ਉਤੇ ਆਪਣੇ ਵਿਰਸੇ ਦੀ ਸੰਭਾਲ ਲਈ ਤਤਪਰ ਹੋਣ ਲਈ ਸਮੂਹ ਸੰਗਤਾ ਨੂੰ ਸੱਦਾ ਦਿਉ।

1. ਯੂਨੀਵਰਸਿਟੀਆਂ ਵਿੱਚ ਐਮ ਏ ਇਨ ਗੁਰਮਤਿ ਸੰਗੀਤ ਦਾ ਵਿਸ਼ਾ ਲਾਗੂ ਕੀਤਾ ਜਾਵੇ ਜੋ ਐਮ ਏ ਸੰਗੀਤ ਦੇ ਬਰਾਬਰ ਹੋਵੇ।
2. ਐਮ. ਏ. ਗੁਰਮਤਿ ਸੰਗੀਤ ਤੋਂ ਬਾਦ ਜਦੋਂ ਗੁਰਮਤਿ ਸੰਗੀਤ ਵਿਸਾ ਪੜਾ
3. ਗੁਰਮਤਿ ਸੰਗੀਤ ਨੂੰ ਵਿਸੇਸ ਵਿਸੇ ਵਜੋਂ ਅਧਿਐਨ ਦਾ ਅੰਗ ਬਣਾਇਆ ਜਾਵੇ ਅਤੇ ਇਸੇ ਵਿਸੇ ਵਿੱਚ ਖੋਜ ਤੇ ਅਧਿਆਪਨ ਲਈ ਅਕਾਦਮਿਕ ਤੇ ਖੋਜ ਸਟਾਫ ਨਿਯੁਕਤ ਕੀਤਾ ਜਾਵੇ। (ਜਾਣਕਾਰੀ ਹਿਤ ਗੁਰਮਤਿ ਸੰਗੀਤ ਉਤੇ ਖੋਜ ਕਰਕੇ ਕਈ ਵਿਆਕਤੀਆਂ ਨੇ ਐਮ ਫਿਲ ਪੀ.ਐਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹਨ।)
4. ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚਹੁਣੇ ਸੁਰੂ ਹੋਏ ਸੰਗੀਤ ਵਿਭਾਗ ਵਿੱਚ ਗੁਰਮਤਿ ਸੰਗੀਤ ਨੂੰ ਲਾਗੂ ਕੀਤਾ ਜਾਵੇ। ਤੇ ਡਿਸਵੋਸਨਲ ਮਿਊਜਕ ਚੇਅਰ ਜੋ ਪਿਛਲੇ ਦਸਾਂ ਵਰਿਆਂ ਤੋ ਖਾਲੀ ਪਈ ਹੈ। ਤੁਰੰਤ ਭਰੀ ਜਾਵੇ।
5. ਸਕੂਲਾਂ (ਵਿਸੇਸ ਕਰਕੇ ਖਾਲਸਾ ਸਕੂਲ) ਤੇ ਕਾਲਜਾਂ( ਵਿਸੇਸ ਕਰਕੇ ਖਾਲਸਾ ਕਾਲਜਾਂ) ਦੇ ਪ੍ਰਿਸੀਪਲਾਂ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਅਧਿਆਨ ਵਿਸੇ ਵਜੋਂ ਲਾਗੂ ਕਰਨ ਲਈ ਪ੍ਰੇਰਿਆ ਜਾਵੇ ਤਾਂ ਕਿ ਇਹ ਆਉਣ ਵਾਲੀ ਪੀੜੀ ਦੇ ਜੀਵਨ ਦਾ ਅਨਿਖੜ ਅੰਗ ਬਣ ਸਕੇ।

ਉਮੀਦ ਹੈ ਕਿ ਆਪਣੇ ਵਿਰਸੇ ਦੀ ਸੰਭਾਲ, ਅਧਿਆਪਨ, ਵਿਕਾਸ ਤੇ ਆਉਣ ਵਾਲੀਆਂ ਪੀੜੀਆਂ ਵਿੱਚ ਇਸਦੇ ਪ੍ਰਚਾਰ ਲਈ ਸਾਨੂੰ ਪੂਰਨ ਸਹਿਯੋਗ ਦਿਉਗੇ ਅਤੇ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਆਪਣੇ ਪੱਤਰਾਂ ਵਿਚਾਰ, ਚਰਚਾਵਾਂ ਤੇ ਸੁਨੇਹਿਆਂ ਰਾਹੀਂ ਅਵੱਸ ਜਾਗਰੁਕ ਕਰੋਗੇ। ਆਪ ਸਭ ਨੂੰ ਇਸ ਵਡੇਰੇ ਕਾਰਜ ਵਿੱਚ ਸਹਿਯੋਗ ਲਈ ਸਨਿਮਰ ਬਿਨੈ ਹੈ।

ਸਤਿਕਾਰ ਸਹਿਤ


ਜਸਪਾਲ ਸਿੰਘ ਪ੍ਰਧਾਨ — ਕੁਲਰਾਜ ਸਿੰਘ ਮੀਤ ਪ੍ਰਧਾਨ

ਹਰਬੰਸ ਸਿੰਘ ਜੋੜਮਾਜਰਾ ਮੀਤ ਪ੍ਰਧਾਨ — ਗੁਰਪ੍ਰੀਤ ਸਿੰਘ ਜਨਰਲ ਸੱਕਤਰ

ਗੁਰਮਤਿ ਸੰਗੀਤ ਸੁਸਾਇਟੀ, 34, ਖਾਲਸਾ ਕਾਲਜ ਕਾਲੋਨੀ, ਪਟਿਆਲਾ।

**ਪੱਤਰ-ਵਿਹਾਰ ਲਈ ਪਤਾ : 14-ਈ, ਹੀਰਾ ਨਗਰ, ਪਟਿਆਲਾ।**

# ਕੈਸਟ ਵਿਚਾਰ

ਕੁਲਵਿੰਦਰ ਸਿੰਘ
WZ 320 ਰਿਸ਼ੀ ਨਗਰ,
ਰਾਣੀ ਬਾਗ, ਦਿੱਲੀ-34

ਕੈਸਟ : ਹੰਉ ਕੁਰਬਾਨੈ ਜਾਉ

ਰਾਗੀ : ਭਾਈ ਦਵਿੰਦਰ ਸਿੰਘ ਸੋਢੀ (ਲੁਧਿਆਣੇ ਵਾਲੇ)

ਹੁਣੇ ਪਿਛੇ ਜਿਹੇ ਲੁਧਿਆਣੇ ਦੀ ਆਲਾਪ ਮਿਉਜ਼ੀਕਲ ਵਆਇਸ ਕੰਪਨੀ ਵਲੋ ਸ਼ਬਦ ਗੁਰਬਾਨੀ ਦੀ ਇਹ ਕ਼ੈਸਟ ਰਿਲੀਜ਼ ਕੀਤੀ ਗਈ ਹੈ। ਇਸ ਕੈਸਟ ਵਿੱਚ ਭਾਈ ਦੇਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆਂ ਦੇ ਗਾਇਨ ਕੀਤੇ ਛੇ ਸ਼ਬਦ ਰਿਕਾਰਡ ਹਨ। ਜਿਵੇਂ ਕੀ ਅੱਜ ਦੇ ਸਮੇਂ ਅੰਦਰ ਸਾਰੇ ਹੀ ਕੀਰਤਨੀਏ ਜ਼ਿਆਦਾਤਰ ਫਿਲਮ ਸੰਗੀਤ ਤੋਂ ਪ੍ਰਭਾਵਤ ਹੋਕੇ ਸ਼ਬਦਾਂ ਦੀ ਨਵੀਆਂ ਧੁਨਾਂ ਤਿਆਰ ਕਰ ਰਹੇ ਹਨ ਇਸੇ ਤਰ੍ਹਾਂ ਭਾਈ ਸਾਹਿਬ ਦੇ ਗਾਉਣ ਦੇ ਅੰਜਾਜ਼ ਵਿੱਚ ਵੀ ਕਿਤੇ-ਕਿਤੇ ਫਿਲਮ ਸੰਗੀਤ ਦੀ ਝਲਕ ਵਿਖਾਈ ਦਿੰਦੀ ਹੈ। ਵੈਸੇ ਇਹ ਗੱਲ ਅਲਾਹਿਦਾ ਹੈ ਕਿ ਭਾਈ ਸਾਹਿਬ ਨੇ ਆਪਣੇ ਅੰਦਾਜ਼ ਰਾਹੀਂ ਸੰਗਤਾਂ ਨੂੰ ਨਵਿਨਤਾ ਦੇ ਨੇੜੇ ਲਿਆਂਦਾ ਹੈ। ਭਾਈ ਸਾਹਿਬ ਦੇ ਅੰਦਾਜ਼ ਦਾ ਸਭਤੋਂ ਮਜ਼ਬੂਤ ਪੱਖ ਜੋ ਹੈ ਉਹ ਹੈ ਉਹਨਾਂ ਦੀ ਅਵਾਜ਼ ਦਾ ਭਾਰੀਪਨ (BASS) ਇਸ ਹਥਲੀ ਕੈਸਟ ਵਿੱਚ ਵੀ ਭਾਈ ਸਾਹਿਬ ਨੇ ਆਪਣੀ ਇਸ ਖ਼ੂਬੀ ਨੂੰ ਕਈ ਜਗ੍ਹਾਂ ਦਰਸਾਇਆ ਹੈ। ਕੈਸਟ ਦਾ ਪਹਿਲਾ ਸ਼ਬਦ 'ਮੇਰੀ ਪ੍ਰੀਠ ਗੋਬਿੰਦ ਸਿਉਂ ਜਿਨਿ ਘਟੇ, ਭਗਤ ਰਵਿਦਾਸ ਜੀ ਦਾ ਉਚਾਰਿਆ ਹੋਇਆ ਹੈ ਅਤੇ ਇਸਨੂੰ ਭਾਈ ਸਾਹਿਬ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਗਾਇਆ ਹੈ ਖਾਸ ਕਰਕੇ ਜਦੋ ਭਾਈ ਸਾਹਿਬ ਉਪਰਲੇ ਸਕੇਲ 'ਚ 'ਮੈਂ ਤੋ ਮੋਲ ਮਹਿੰਗੀ ਲਈ ਜੀ ਸਟੇ', ਦਾ ਉਚਾਰਨ ਕਰਦੇ ਹਨ ਤਾਂ ਸੁਣਨਵਾਲਾ ਵਾਕਿਆ ਹੀ ਪ੍ਰਭੂ ਦੀ ਪ੍ਰੀਤ ਵਿੱਚ ਜੁੜ ਜਾਂਦਾ ਹੈ। ਦੂਸਰਾ ਸ਼ਬਦ 'ਜਾਲਉ ਐਸੀ ਰੀਤਿ' ਵੀ ਪਹਿਲੇ ਸ਼ਬਦ ਨਾਲ ਮਿਲਦੀ 'ਕਉਣ ਜਾਣੇ ਪੀਰ ਪਰਾਈ' ਸ਼ਬਦ ਹਜ਼ਾਰੇ ਵਿਚੋਂ ਹੈਅਤੇ ਇਹ ਸ਼ਬਦ ਕੈਸਟ ਦਾ ਸਭਤੋਂ ਜਿਆਦਾ ਪ੍ਰਭਾਵਤ ਕਰਨ

ਵਾਲਾ ਹੈ। ਇਸ ਸ਼ਬਦ ਵਿਚੋਂ ਵੀ ਭਾਈ ਸਾਹਿਬ ਨੀਵੇਂ ਸੁਰਾਂ ਤੇ ਗਾਉਣ ਦੀ ਸ਼ੈਲੀ ਪ੍ਰਭਾਵਿਤ ਕਰਦੀ ਹੈ।

,ਕੈਸਟ ਦੇ ਦੂਸਰੇ ਪਾਸੇ ਪਹਿਲਾ ਸ਼ਬਦ ਗੁਰੂ ਰਾਮਦਾਸ ਜੀ ਦਾ ਉਚਾਰਣ ਕੀਤਾ ਹੈ ਜਿਸ ਵਿੱਚ ਵਹਿਗੁਰੂ ਦੀ ਸਿਫਤ-ਸਲਾਹ ਬੜੀ ਨਿਮਰਤਾ ਨਾਲ ਕੀਤੀ ਗਈ ਹੈ ਅਤੇ ਇਸ ਸ਼ਬਦ ਨੂੰ ਭਾਈ ਸਾਹਿਬ ਨੇ ਵੀ ਗਾਇਆ ਹੈ। ਕੈਸਟ ਦਾ ਪੰਜਵਾਂ ਸ਼ਬਦ ਗੁਰੂ ਅਮਰਦਾਸ ਜੀ ਰਚਨਾ 'ਅੰਨਦ' (ਸਾਹਿਬ) ਦੀ ਛੇਵੀਂ ਪਉੜੀ ਹੈ 'ਤੁਧ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ' ਇਸ ਸ਼ਬਦ ਇਕ ਵਾਰ ਭਾਈ ਸਾਹਿਬ ਤੋਂ ਸਟੇਜ ਤੇ ਸੁਣਿਆ ਸੀ ਉਦੋਂ ਭਾਈ ਸਾਹਿਬ ਨੇ ਇਸ ਨੂੰ ਥੋੜੀ ਗਤੀ (Speed)ਵਿੱਚ ਗਾਇਨ ਕੀਤਾ ਸੀ ਜੋ ਕਿ ਜ਼ਿਆਦਾ ਪ੍ਰਭਾਵਤ ਕਰਦਾ ਸੀ। ਕੈਸਟ ਵਿੱਚ ਭਾਈ ਸਾਹਿਬ ਨੇ ਗਤੀ ਤੇਜ਼ ਕੀਤੇ ਹੈ ਜੋ ਇਤਨੀ ਢੱਕਵੀਂ ਨਹੀਂ ਹੈ ਇਸ ਸ਼ਬਦ ਨਾਲ ਕੈਸਟ ਦਾ ਅੰਤਲਾ ਸ਼ਬਦ 'ਹੰਉ ਕੁਰਬਾਨੇਂ ਜਾਉ ਮਿਹਰਬਾਨਾ ਹੰਉ ਕੁਰਬਾਨੇ ਜਾਉ'। ਜੋ ਕਿ ਭਾਈ ਸਾਹਿਬ ਨੇ ਬੜੀ ਮੇਹਨਤ ਨਾਲ ਤਿਆਰ ਕੀਤਾ ਜਾਪਦਾ ਹੈ। ਇਸ ਸ਼ਬਦ ਵੀ ਸੰਗਤਾਂ ਬਾਰ ਬਾਰ ਸੁਨਣਗੀਆਂ। ਕੁਲ ਮਿਲਾਕੇ ਕੈਸਟ ਇਹ ਕਿਹਾ ਜਾ ਸਦਕਾ ਹੈ ਕਿ ਇਹ ਕੈਸਟ ਖਰੀਦਕੇ ਸੁਣਨ ਵਿੱਚ ਸਰੋਤੇ ਲਾਭ ਉਠਾਉਣਗੇ। ਕੈਸਟ ਵਿੱਚ ਇਕ ਕਮੀ ਜੋ ਹੈ, ਆਸ ਹੈ ਕੰਪਨੀ ਉਸ ਵਾਲ ਧਿਆਨ ਜ਼ਰੂਰ ਦੇਵੇਗੀ ਉਹ ਇਹ ਹੈ ਕਿ ਕੈਸਟ ਦਾ ਰਿਬਨ(cut) ਬਹੁਤ ਹੀ ਹਲਕੀ ਕਵਾਲਟੀ ਦਾ ਹੈ, ਕੰਪਨੀ ਨੂੰ ਘੱਟ ਤੋਂ ਘੱਟ weston ਦੀ ਰਿਬਨ ਤਾਂ ਇਸਤੇਮਾਲ ਕਰਨਾ ਚਾਹਿਦਾ ਹੀ ਹੈ। ਅਗਾਂਹ ਵਾਸਤੇ ਹੋ ਸਕੇ ਤਾਂ ਵਿਦੇਸ਼ੀ ਸਾਜ਼ਾ ਦੀ ਬਜਾਇ, ਪਾਰੰਪਰਿਕ ਸਾਜ਼ਾਂ ਦੀ ਵਰਤੋਂ ਕੀਤੀ ਜਾਵੇ। ਭਾਈ ਸਾਹਿਬ ਦੇ ਸਾਥੀ ਭਾਈ ਜਰਨੈਲ ਸਿੰਘ (ਤਬਲਾ ਮਾਸਟਰ) ਅਤੇ ਭਾਈ ਜਗਜੀਤ ਸਿੰਘ ਨੇ ਵੀ ਬਹੁਤ ਮਿਹਨਤ ਕੀਤੀ ਹੈ।

## ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਤ ਸੰਗੀਤ ਸੰਬੰਧੀ ਪੁਸਤਕਾਂ

1. ਗੁਰਬਾਣੀ ਸੰਗੀਤ ਪ੍ਰਚੀਨ ਰੀਤ ਰਚਨਾਵਲੀ (ਦੋ ਭਾਗ) : ਭਾਈ ਅਵਤਾਰ ਸਿੰਘ ਰਾਗੀ ਭਾਈ ਗੁਰਚਰਨ ਸਿੰਘ ਰਾਗੀ
2. ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ : ਪ੍ਰੋ. ਤਾਰਾ ਸਿੰਘ
3. ਸੰਗੀਤ ਰਤਨਾਵਲੀ (ਭਾਗ 1) : ਸੁਰਿੰਦਰ ਕਪਿਲਾ
4. ਸੰਗੀਤ ਰਤਨਾਵਲੀ (ਭਾਗ 2) : ਸੁਰਿੰਦਰ ਕਪਿਲਾ
5. ਸੰਗੀਤ ਸਿਧਾਂਤ ਤੇ ਸੁਹਜ ਸ਼ਾਸਤਰ: ਡੀ. ਐਸ. ਨਰੂਲਾ
6. ਭਾਰਤੀ ਸੰਗੀਤ ਦਾ ਇਤਿਹਾਸ : ਯੋਗੇਂਦਰਪਾਲ ਸ਼ਰਮਾ ਬਚਿੱਤਰ ਸਿੰਘ
7. ਸੰਗੀਤ ਨਿਬੰਧ : ਵਿਨੈ ਕੁਮਾਰ ਅਗਰਵਾਲ (ਮਨਮੋਹਨ ਸਿੰਘ ਅਨੁ.)
8. ਗਾਇਨ ਕਲਾ(ਭਾਗ ਦੂਜਾ) : ਦੇਵਿੰਦਰ ਕੌਰ
9. ਪਦਮ ਸ੍ਰੀ ਉਸਤਾਦ ਸੋਹਨ ਸਿੰਘ ਸਿਮਰਤੀ ਗ੍ਰੰਥ : ਗੁਰਨਾਮ ਸਿੰਘ (ਸੰਪਾਦਕ)
10. ਪੰਜਾਬ ਵਿੱਚ ਸੰਗੀਤ ਕਲਾ ਦਾ ਨਿਕਾਸ ਅਤੇ ਵਿਕਾਸ : ਪੰਨਾ ਲਾਲ ਮਦਾਨ
11. ਪੰਜਾਬੀ ਸੰਗੀਤਕਾਰ : ਗੁਰਨਾਮ ਸਿੰਘ
12. ਸੰਗੀਤ ਨਿਬੰਧਾਵਾਲੀ : ਗੁਰਨਾਮ ਸਿੰਘ
13. ਸੰਗੀਤ ਸ਼ਾਸਤਰ (ਭਾਗ ਪਹਿਲਾ): ਮਹੇਸ਼ ਨਰੈਣ ਸਕਸੈਨਾ
14. ਸੰਗੀਤ ਸ਼ਾਸਤਰ (ਭਾਗ ਦੂਜਾ) : ਮਹੇਸ਼ ਨਰੈਣ ਸਕਸੈਨਾ
15. ਵਾਦਨ ਪ੍ਰਬੀਨ : ਐਸ. ਐਸ. ਕਰੀਰ
16. ਸੰਗੀਤ ਸ਼ਾਸਤਰ ਦਰਪਨ (ਭਾਗ ਪਹਿਲਾ) : ਸ਼ਾਂਤੀ ਗੋਵਰਧਨ
17. ਸੰਗੀਤ ਸ਼ਾਸਤਰ (ਭਾਗ ਦੂਜਾ)
18. ਸੰਗੀਤ ਕੋਮਦੀ (ਭਾਗ ਪਹਿਲਾ): ਵੀ. ਐਸ. ਨਿਗਮ
19. ਸੰਗੀਤ ਕੋਮਦੀ (ਭਾਗ ਦੂਜਾ) : ਵੀ. ਐਸ. ਨਿਗਮ
20. ਸੰਗੀਤ ਕੋਮਦੀ (ਭਾਗ ਤੀਜਾ) : ਵੀ. ਐਸ. ਨਿਗਮ
21. ਸੰਗੀਤ ਕੋਮਦੀ (ਭਾਗ ਚੌਥਾ) : ਵੀ. ਐਸ. ਨਿਗਮ
22. ਵਾਦਨ ਸਾਗਰ : ਕੰਵਰ ਮਰਗੇਂਦਰ ਸਿੰਘ
23. ਪੰਜਾਬ ਦੇ ਲੋਕ ਸਾਜ : ਅਨਿਲ ਨਰੂਲਾ
24. ਪੰਜਾਬ ਦੀਆਂ ਲੋਕ ਧੁਨਾਂ : ਗੁਰਪ੍ਰਤਾਪ ਸਿੰਘ ਗਿੱਲ
25. ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ : ਤਾਰਾ ਸਿੰਘ
26. ਕੀਰਤਨ ਸੰਦਰਭ ਤੇ ਸਰੂਪ: ਦਵਿੰਦਰ ਸਿੰਘ ਵਿਦਿਆਰਥੀ

# ਰਾਗ ਕੇਦਾਰਾ

ਪ੍ਰੋ. ਤਾਰਾ ਸਿੰਘ

| | | | | | |
|---|---|---|---|---|---|
| ਥਾਟ | : | ਕਲਿਆਣ | ਜਾਤੀ | : | ਔਡਵ-ਸੰਪੂਰਣ |
| ਵਾਦੀ | : | ਸ਼ੜਜ | ਸੈਵਾਦੀ | : | ਮਧਿਅਮ |
| ਸੁਰ | : | ਦੋਵੇਂ ਮਧਿਅਮ | ਵਰਜਿਤ | : | ਆਰੋਹ ਵਿਚ ਰਿਸ਼ਭ ਤੇ ਗੰਧਾਰ |

| | | |
|---|---|---|
| ਸਮਾਂ | : | ਰਾਤ ਦਾ ਪਹਿਲਾ ਪਹਿਰ |
| ਆਰੋਹ | : | ਸਾ ਮ, ਮ ਪ, ਧ ਪ, ਧ ਨੀ ਸਾਂ |
| ਅਵਰੋਹ | : | ਸਾਂ, ਨੀ ਧ, ਪ, ਮ' ਪ, ਗ ਮ ਰੇ ਸਾ |
| ਪਕੜ | : | ਸਾ ਮਾ, ਮ ਪ, ਧ ਪ ਮ, ਪ ਮ, ਰੇ ਸਾ |

ਕੇਦਾਰਾ ਮਹਲਾ ੫ ਘਰੁ ੫ ੴ ਸਤਿਗੁਰ ਪ੍ਰਸ਼ਾਦਿ ॥

ਬਿਸਰਤ ਨਾਹਿ ਮਨ ਤੇ ਹਰੀ ॥

ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ ਰਹਾਉ ॥

ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥

ਗੁਨ ਗੋਪਾਲ ਉਚਾਰ ਰਸਣਾ ਟੇਵ ਏਹ ਪਰੀ ॥੧॥

ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥

ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥੨॥

## ਰਾਗ ਕੇਦਾਰਾ — ਤਿੰਨ ਤਾਲ

| × | 2 | 0 | 3 |
|---|---|---|---|
| | | ਸਥਾਈ : | ਮ ਮਗ ਪ ਮ'ਪ |
| | | | ਬਿ ਸs ਰ ਤs |
| ਧ ਨੀਧ ਪ ਪ | ਮੇ ਪ ਮ'ਪ ਧਪ | ਪ ਮ ਰੇ ਸਾ | ਮ ਮ ਰੇ ਸਾ |
| ਨਾ s s ਹਿ | ਮ ਨ ਤੇs ss | s ਹ ਰੀ s | ਅ ਬ ਇ ਹ |
| ਰੇ - ਸਾ ਸਾ | ਸਰੇ ਨ਼ੀਸਾ ਮ -ਗ | ਪਮੇ ਧਪ ਮ ਮ | ਮ ਮਗ ਪ ਪ |
| ਪ੍ਰੀ s ਰਿ ਮ | ਗs ss s sਪ੍ਰ | ਬs ਲs ਭ ਈ | ਆ ss ਨ ਬਿ |
| ਮ'ਪ ਧਨੀ ਸਾਂਰੇਂ ਨੀਸਾਂ | ਸਂਨੀ ਧਪ ਮ'ਪ ਧਨ਼ੀ | ਧਪ ਮ'ਪ ਮਮ ਰੇਸਾ | |
| ਖੇs ss ss ਜs | ਰੀs ss ss ss | ss ss ss ss | |
| | | ਅੰਤਰਾਂ | ਪ – ਪ ਪ |
| | | | ਬੂੰ s ਦ ਕ |
| ਸਾਂ – – – | ਸਾਂ – – ਸਾਂ | ਸਂਨੀ ਧਨੀ ਰੇ ਸਾਂ | ਸਾਂਧ – ਨੀਧ ਧ |
| ਰਾਂ s s s | ਤਿਆ s s ਗਿ | ਚਾs ss ੜ੍ਹ ਕ | ਮੀ s s ਨ |
| ਸਾਂ ਸਾਂ ਸਾਂ ਸਾਂ | ਸਂਰੇ ਨੀਸਾਂ ਧ ਪ | ਮਪ ਧਪ ਮ – | ਮ ਮ ਮ ਮਗ |
| ਰ ਹ s ਤ | ਨs ss s ਘ | ਰੀs ss s s | ਗੁ ਨ ਗੋ ss |
| ਪ – ਮ' ਪ | ਧ ਨ਼ੀ ਧ ਪਾ | ਮ'ਪ ਧਪ ਮ – | ਮ -ਗ ਪ ਪ |
| ਪਾ s ਲ ਉ | ਚਾ s s ਰ | ਰs ਸs ਨਾ s | ਟੇ ss s ਵ |
| ਮ'ਪ ਧਨੀ ਸਰੇ ਨੀਸਾਂ | ਸਂਨੀ ਧਪ ਮ'ਪ ਧਨੀ | ਧਪ ਮ'ਪ ਮਮ ਰੇਸਾ | |
| ਏs ਹs ss ਪs | ਰੀs ss ss ss | ss ss ss ss | |